ISSN 0972-2335

# ਅੰਮ੍ਰਿਤ ਕੀਰਤਨ

## ਜੁਲਾਈ 2022


ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਮਿਲਾਂਗੀ ਬਾਹਾਂ ਪਸਾਰ

ਜੇ ਤੂੰ ਵੱਸੇਂ ਤਾਂ ਮੇਰਾ ਵਾਸਾ,
ਨਹੀ ਤਾਂ ਦਿਸੇ ਸੱਭ ਉਜਾੜ ।

ਮਹਿਲ ਮਾੜੀਆਂ ਦਿਸਣ ਵਿਰਾਨੇ,
ਜਿਉਂ ਦਿਸਦੀ ਕੰਡਿਆਂ ਦੀ ਵਾੜ ।

ਆਬ ਬਿਨਾਂ ਜਿਉਂ ਮੱਛੀ ਤੜਫੇ,
ਜੀਵਨ ਮੇਰਾ ਹੋਇਆ ਖੁਆਰ ।

ਦਰਸ਼ਨ ਦੀ ਜੇ ਘੜੀ ਦੇਂ ਮੈਨੂੰ,
ਸੰਤੋਖ ਪਹੁੰਚਾਂਗੀ ਬਾਂਹਾਂ ਪਸਾਰ ।

## I SHALL MEET HIM STRETCHING FORTH MY ARMS

I live with Thee wherever Thou livest,
all else looks deserted and wild.

I find no peace in Your absence,
gilded attics appear as ruins,
life there becomes a terrible tide.

Like a fish out of water,
I always writhe without Your sight.

Only a second of Thine vision
will soothe my eyes and bloom my heart,
Santokh shall meet Thee taking a flight.

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ

**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**

ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ

(ਫੋਨ :0172-4782705, 98150-72197) ਤੋਂ ਛਪਵਾ ਕੇ

422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਨੀਂ ਮੈਂ ਕਮਲੀ ਆਂ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਸਹੁ ਰਾਤੋ ਅਵਰਾਹਾ 2

ਬਾਬੇ ਦੀ ਰਬਾਬ
ਜੋਗਿੰਦਰ ਸਿੰਘ ਸੋਢੀ 5

ਗੁਰਮਤਿ ਸੰਗੀਤ ਪੂਰਬ ਤੋਂ ਪੱਛਮ ਵੱਲ
ਡਾ. ਗੁਰਨਾਮ ਸਿੰਘ 11

संगीत में शोध की गुरूकुल परम्परा: एक अध्ययन
कोमल रानी 13

An Unforgettable Association
Harinder Durga 18

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) 20-ਟਾ-3

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਸਹੁ ਰਾਤੋ ਅਵਰਾਹਾ

ਗੁਰੂ ਨਾਨਕ ਦੇਵ ਜੀ ਰਚਿਤ ਮਹਾਨ ਸ਼ਬਦ 'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ' ਦਾ ਗਾਇਨ ਮੈਂ ਕਈ ਸਾਲਾਂ ਤੋਂ ਕਰਦਾ ਆ ਰਿਹਾ ਹਾਂ। ਕਾਵਿ ਕਲਾ ਦੀ ਉੱਤਮਤਾ ਕਾਰਣ ਪੰਜਾਬੀ ਦੇ ਉਘੇ ਸਾਹਿਤਕਾਰਾਂ ਵੱਲੋਂ ਵੀ ਮੈਨੂੰ ਇਸ ਦੇ ਗਾਇਨ ਲਈ ਬੜਾ ਮਾਣ ਸਨਮਾਨ ਪ੍ਰਾਪਤ ਹੋਇਆ ਹੈ। ਪਰ ਦੋ ਕੁ ਸਾਲ ਪਹਿਲਾਂ ਇਸ ਨੂੰ ਗਾਇਨ ਕਰਨ ਦੀ ਮੇਰੀ ਭਾਵਨਾ ਨੇ ਇੱਕ ਅਜੀਬ ਕਰਵਟ ਲੈ ਲਈ ਹੈ।

ਹੁਣ ਜਦੋਂ ਇਸ ਸ਼ਬਦ ਦਾ ਗਾਇਨ ਕਰਦਾ, ਸੁਣਦਾ ਜਾਂ ਸਹਿਜ ਪਾਠ ਕਰਦਿਆਂ ਇਸ ਸ਼ਬਦ ਦਾ ਪਾਠ ਕਰਦਾ ਹਾਂ ਤਾਂ ਦੋ ਸਾਲ ਪਹਿਲਾਂ ਵਾਪਰੀ ਉਹ ਘਟਨਾ ਅਚੇਤ ਹੀ ਮੇਰੇ ਜ਼ਿਹਨ ਵਿੱਚ ਘੁੰਮਣ ਲੱਗ ਜਾਂਦੀ ਹੈ ਤੇ ਮੈਂ ਬੇਚੈਨ ਹੋ ਜਾਂਦਾ ਹਾਂ।

ਗੱਲ ਸ਼ਾਇਦ 2019 ਦੇ ਜੁਲਾਈ ਜਾਂ ਅਗਸਤ ਮਹੀਨੇ ਦੀ ਹੈ। ਉਹਨਾਂ ਦਿਨਾਂ ਵਿੱਚ ਮੈਂ ਆਪਣਾ ਕੈਸੀਓ ਵਾਜਾ ਲੈ ਕੇ ਆਪਣੇ ਮਿੱਤਰਾਂ ਪਿਆਰਿਆਂ ਨੂੰ ਮਿਲਣ ਚਲਾ ਜਾਂਦਾ ਸੀ ਤੇ ਉਹਨਾਂ ਦੇ ਮਨ ਪਸੰਦ ਸ਼ਬਦ ਸੁਣਾ ਕੇ ਖੁਸ਼ੀਆਂ ਪ੍ਰਾਪਤ ਕਰਦਾ ਸੀ। ਉਦੋਂ ਮੈਂ ਆਪਣੇ ਇੱਕ ਮਿੱਤਰ ਦੇ ਘਰ ਗਿਆ। ਮੇਰਾ ਇਹ ਮਿੱਤਰ ਇਕ ਕਵੀ ਹੈ ਅਤੇ ਇਸ ਦੀ ਪਤਨੀ ਵੀ ਚੰਗੀ ਲੇਖਕ ਹੈ। ਮਿੱਤਰ ਨੇ 'ਮੋਰੀ ਰੁਣ ਝੁਣ ਲਾਇਆ' ਸ਼ਬਦ ਸੁਣਨ ਦੀ ਫਰਮਾਇਸ਼ ਕਰ ਦਿੱਤੀ। ਮੈਂ ਬੜੇ ਚਾਅ ਨਾਲ ਇਹ ਸ਼ਬਦ ਸੁਣਾਇਆ। ਸ਼ਬਦ ਸੁਣ ਕੇ ਮਿੱਤਰ ਨੇ ਬੜੀ ਤਾਰੀਫ ਕੀਤੀ ਪਰ ਉਹਨਾਂ ਦੀ ਪਤਨੀ ਇਸ ਸ਼ਬਦ ਬਾਰੇ ਚਰਚਾ ਕਰਨ ਲਗ ਪਈ।
ਉਹ ਕਹਿਣ ਲੱਗੀ- ਡਾਕਟਰ ਸਾਹਿਬ, ਗੁਰੂ ਨਾਨਕ ਦੇਵੀ ਜੀ ਦਾ ਇਹ ਸ਼ਬਦ ਕਾਵਿ ਕਲਾ ਦਾ ਉੱਤਮ ਨਮੂਨਾ ਹੈ। ਇਸ ਵਿੱਚ ਜਿਸ ਸ਼ਿੱਦਤ ਨਾਲ ਗੁਰੂ ਜੀ ਨੇ ਬਿਰਹਨ ਇਸਤਰੀ ਦਾ ਬਿੰਬ ਉਸਾਰਿਆ ਹੈ ਉਹ ਕਮਾਲ ਹੈ। ਪਰ ਇਸ ਵਿੱਚ ਜਿਹੜਾ ਸ਼ਹੁ ਹੈ ਉਹ ਮਰਯਾਦਾ ਪੁਰਸ਼ ਨਹੀਂ ਜਾਪਦਾ।

ਬਿੰਬ ਇੰਜ ਹੈ-ਬੜੇ ਸੁਹਣੇ ਨੈਣਾਂ ਵਾਲੀ ਲੁਭਾਉਣ ਵਾਲੀ ਸੁਹਣੀ ਇਸਤਰੀ ਜੋ ਆਪਣੇ ਪਤੀ ਨੂੰ ਪੂਰੀ ਤਰ੍ਹਾਂ ਸਮਰਪਤ ਹੈ। ਹਾਰ ਸ਼ਿੰਗਾਰ ਕਰਕੇ ਪਤੀ ਦੀ ਉਡੀਕ ਕਰਦੀ ਬੈਠੀ ਹੈ। ਫਿਰ ਉਸ ਨੂੰ ਕਿਹਾ ਜਾਂਦਾ ਹੈ ਕਿ ਆਪਣਾ ਚੂੜਾ ਭੰਨ ਦੇ ਕਿਉਂਕਿ ਉਸ ਦਾ ਪਤੀ ਤਾਂ ਕਿਸੇ ਹੋਰ ਨਾਲ ਰੰਗ ਰਲੀਆਂ ਮਨਾ ਰਿਹਾ ਹੈ। ਅਜਿਹੀ ਹਾਲਤ ਵਿੱਚ ਕੋਈ ਪਤਨੀ ਆਪਣੀ ਹਾਲਤ ਤੇ ਤਾਂ ਰੁਦਨ ਕਰੇਗੀ ਪਰ ਆਪਣੇ ਬੇਵਫਾ ਪਤੀ ਲਈ ਪਿਆਰ ਸਤਿਕਾਰ ਕਿਵੇਂ ਲਿਆਵੇਗੀ।'

ਮੈਨੂੰ ਇੱਕ ਦਮ ਤਾਂ ਕੁਝ ਨਹੀਂ ਸੁਝਿਆ ਮੈਂ ਉਹਨਾਂ ਨੂੰ ਕਿਹਾ ਗੁਰੂ ਸਾਹਿਬ ਤਾਂ ਇੱਥੇ ਆਤਮਾ ਅਤੇ

ਪਰਮਾਤਮਾ ਦੀ ਗੱਲ ਕਰ ਰਹੇ ਹਨ। ਕਿਉਂਕਿ ਗੁਰਬਾਣੀ ਅਨੁਸਾਰ ਤਾਂ ਅਸਲ ਵਿੱਚ ਪੁਰਖ ਇੱਕ ਨਿਰੰਕਾਰ ਹੀ ਹੈ ਬਾਕੀ ਅਸੀਂ ਸਾਰੀਆਂ ਇਸਤਰੀਆਂ ਹਾਂ। ਬੀਬੀ ਜੀ ਕਹਿਣ ਲੱਗੇ–ਇਹ ਗੱਲ ਕਿਸੇ ਵੀ ਪੁਰਸ਼ ਲਈ ਕਹਿਣੀ ਸੌਖੀ ਹੈ। ਪਰ ਜਦੋਂ ਕੋਈ ਵੀ ਇਸਤਰੀ ਇਹ ਸ਼ਬਦ ਸੁਣਦੀ ਹੈ ਤਾਂ ਉਸ ਵਿੱਚ ਇੱਕ ਅਜੀਬ ਤਰ੍ਹਾਂ ਦਾ ਅਪਮਾਨ ਜਿਹਾ ਮਹਿਸੂਸ ਹੁੰਦਾ ਹੈ। ਜੇ ਕਿਸੇ ਦਾ ਪਤੀ ਕਿਸੇ ਹੋਰ ਦਾ ਹੋ ਗਿਆ ਹੋਵੇ ਤਾਂ ਉਸ ਨੂੰ ਮਰ ਜਾਣਾ ਚਾਹੀਦਾ ਹੈ।

– ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।

ਇਥੇ ਪਤੀ ਨੂੰ ਕੁਝ ਨਹੀਂ ਕਿਹਾ ਗਿਆ।–––––––

ਉਸ ਦਿਨ ਮੈਨੂੰ ਇੱਕ ਹੋਰ ਗੱਲ ਯਾਦ ਆਈ। ਜਦੋਂ ਗੁਰੂ ਨਾਨਕ ਦੇਵ ਯੂਨੀਵਰਸਟੀ ਵੱਲੋਂ ਮੇਰੀ ਪੁਸਤਕ 'ਗੁਰੂ ਨਾਨਕ ਬਾਣੀ ਵਿੱਚ ਮਾਇਆ ਦਾ ਸੰਕਲਪ' ਛਾਪੀ ਜਾਣੀ ਸੀ ਤਾਂ ਇਸ ਦੀ ਵੈਟਿੰਗ ਇੱਕ ਇਸਤਰੀ ਵਿਦਵਾਨ ਕੋਲੋਂ ਕਰਵਾਈ ਗਈ ਸੀ। ਉਸ ਨੇ ਇੱਕ ਥਾਂ ਟਿੱਪਣੀ ਦਿੱਤੀ ਸੀ– 'ਸਮਝ ਨਹੀਂ ਆਉਂਦਾ ਕਿ ਮਾਇਆ ਦੀਆਂ ਸਾਰੀਆਂ ਅਲਾਮਤਾਂ ਇਸਤਰੀ ਵਾਚਕ ਹੀ ਕਿਉਂ ਹਨ।' ਉਦੋਂ ਇਸ ਬਾਰੇ ਵੀ ਮੈਨੂੰ ਕੁਝ ਨਹੀਂ ਸੀ ਸੁਝਿਆ।

ਹੁਣ ਕੁਝ ਵਿਚਾਰ ਮੇਰੇ ਮਨ ਵਿੱਚ ਆ ਰਹੇ ਹਨ।–––ਗੁਰੂ ਨਾਨਕ ਦੇਵ ਜੀ ਅਚੇਤ ਅਤੇ ਸੁਚੇਤ ਰੂਪ ਵਿੱਚ ਵੀ ਇਸਤਰੀ ਦੇ ਅਪਮਾਨ ਦੀ ਗੱਲ ਨਹੀਂ ਕਰਦੇ। ਉਹ ਸਮਾਜਕ ਸਦਾਚਾਰ ਨੂੰ ਪ੍ਰਮੁਖਤਾ ਨਾਲ ਬਿਆਨ ਕਰਦੇ ਹਨ। ਉਹ 'ਪਰ ਪੁਰਖ' ਅਤੇ 'ਪਰ ਨਾਰੀ' ਸਬੰਧ ਨੂੰ ਅਨੈਤਿਕ ਮੰਨਦੇ ਹਨ। ਕਈ ਥਾਵਾਂ ਤੇ 'ਪਰ ਤਨ' ਦੀ ਨਿੰਦਾ ਕੀਤੀ ਗਈ ਹੈ।

ਇਸ ਲਈ ਜਦੋਂ ਕਿਸੇ ਰਚਨਾ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਸਾਨੂੰ ਕਈ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਹਰ ਰਚਨਾ ਦੀ ਵਿਆਖਿਆ ਭਿੰਨ ਸੰਦਰਭਾਂ ਵਿੱਚ ਭਿੰਨ ਹੁੰਦੀ ਹੈ। ਕਿਸੇ ਰਚਨਾ ਦਾ ਕਿਸੇ ਵਿਅਕਤੀ ਉਤੇ ਕੀ ਪ੍ਰਭਾਵ ਪੈਂਦਾ ਹੈ ਇਹ ਉਸ ਵਿਅਕਤੀ ਦੇ ਨਜ਼ਰੀਏ ਉੱਤੇ ਨਿਰਭਰ ਕਰਦਾ ਹੈ।

ਸ਼ਬਦ 'ਮੋਰੀ ਰੁਣਝੁਣ ਲਾਇਆ' ਦੀ ਵਿਆਖਿਆ ਕਈ ਪੱਖਾਂ ਤੋਂ ਕੀਤੀ ਜਾ ਸਕਦੀ ਹੈ। ਕਾਵਿ ਕਲਾ ਦਾ ਵਿਸ਼ਲੇਸ਼ਕ ਇਸ ਦੀ ਬਿੰਬ ਉਸਾਰੀ ਦਾ ਵਰਣਨ ਕਰੇਗਾ। ਗੁਰੂ ਸਾਹਿਬ ਨੇ ਜਿਸ ਬਿਹਬਲਤਾ ਨਾਲ ਬਿਰਹਣ ਇਸਤਰੀ ਦਾ ਬਾਹਰੀ ਅਤੇ ਅੰਦਰੂਨੀ ਮਨੋਭਾਵਕ ਵਰਣਨ ਕੀਤਾ ਹੈ ਉਹ ਕਮਾਲ ਹੈ। ਸਮਾਜਕ ਇਤਿਹਾਸਕ ਪੱਖ ਤੋਂ ਇਹ ਰਚਨਾ ਬਿਆਨ ਕਰਦੀ ਹੈ ਕਿ ਕਿਵੇਂ ਕਿਸੇ ਪਤੀ ਨੂੰ ਪ੍ਰਦੇਸ ਜਾਣਾ ਪੈਂਦਾ ਹੈ ਤੇ

ਬਿਰਹਣ ਇਸਤਰੀ ਦੀ ਕੀ ਅਵਸਥਾ ਹੁੰਦੀ ਹੈ।

ਭਾਵੇਂ ਮੇਰੇ ਮਿੱਤਰ ਦੀ ਪਤਨੀ ਵੱਲੋਂ ਕੀਤੀ ਟਿੱਪਣੀ ਇੱਕ ਹੱਦ ਤਕ ਉਚਿਤ ਜਾਪਦੀ ਹੈ। ਪਰ ਗੁਰੂ ਸਾਹਿਬ ਦਾ ਮਨੋਰਥ ਪਰਮਾਤਮਾ ਨੂੰ ਪਤੀ ਅਤੇ ਜਗਿਆਸੂ ਨੂੰ ਇਸਤਰੀ ਮੰਨ ਕੇ ਇੱਥੇ ਇਹ ਦਰਸਾਉਣਾ ਹੈ ਕਿ ਪਰਮਾਤਮਾ ਬਾਹਰਲੇ ਹਾਰ ਸ਼ਿੰਗਾਰ ਨਾਲ ਨਹੀਂ ਰਿਝਾਇਆ ਜਾ ਸਕਦਾ। ਉਸ ਲਈ ਪੂਰਨ ਤੌਰ ਤੇ ਸਮਰਪਿਤ ਪ੍ਰੇਮ ਹਰ ਅਵਸਥਾ ਵਿੱਚ ਹੋਣਾ ਜ਼ਰੂਰੀ ਹੈ।ਬਾਹਰਲੇ ਹਾਰ ਸ਼ਿੰਗਾਰ ਕਰਕੇ ਜੇ ਨਿਸਚਿੰਤ ਹੋ ਜਾਈਏ ਕਿ ਹੁਣ ਉਸ ਨਾਲ ਮੇਲ ਹੋ ਜਾਵੇਗਾ ਤਾਂ ਇਹ ਗਲਤ ਹੈ। ਉਹਦੇ ਲਈ ਹਰ ਵੇਲੇ ਉਡੀਕ ਦੀ ਭਾਵਨਾ ਰੱਖਣੀ ਪਵੇਗੀ। ਉਹਦੀ ਕਿਰਪਾ ਦਾ ਪਾਤਰ ਬਣਨ ਦਾ ਜਤਨ ਕਰਨਾ ਪਵੇਗਾ।

ਕਿਸੇ ਵੀ ਰਚਨਾ ਦਾ ਅਨੰਦ ਲੈਣ ਲਈ ਕਈ ਵਾਰੀ ਸਾਨੂੰ ਆਪਣੀ ਅਤਿ ਵਿਸ਼ਲੇਸ਼ਕ ਬੁੱਧੀ ਦਾ ਤਿਆਗ ਕਰਨਾ ਪੈਂਦਾ ਹੈ।ਉਂਜ ਵੀ ਮੈਂ ਕਿਤੇ ਪੜ੍ਹਿਆ ਸੀ ਕਿ ਸੁਹਜ ਦੇ ਅਨੰਦ ਵਾਲੀ ਕਰਾਮਾਤ ਸਾਡੀਆਂ ਇੰਦਰੀਆਂ ਦੀ ਸੀਮਿਤ ਸਮਰਥਾ ਕਾਰਨ ਹੀ ਵਾਪਰਦੀ ਹੈ।ਜੇ ਸਾਡੀ ਸਧਾਰਨ ਸੁਣਨ ਸ਼ਕਤੀ ਦੀ ਸਮਰਥਾ ਵਧ ਜਾਵੇ ਤਾਂ ਅਸੀਂ ਸੰਗੀਤ ਦਾ ਅਨੰਦ ਨਹੀਂ ਲੈ ਸਕਾਂਗੇ।ਸਾਨੂੰ ਕਈ ਵਾਧੂ ਅਤੇ ਅਣਸੰਗੀਤਕ ਅਵਾਜ਼ਾਂ ਵੀ ਸੁਣਾਈ ਦੇਣ ਲੱਗ ਪੈਣਗੀਆਂ।ਜੇ ਸਾਡੀ ਅੱਖਾਂ ਦੀ ਨਜ਼ਰ ਵਧ ਜਾਵੇ ਤਾਂ ਸ਼ਾਇਦ ਅਸੀਂ ਕਿਸੇ ਦੇ ਮੂੰਹ ਨੂੰ ਚੁੰਮ ਹੀ ਨਾ ਸਕੀਏ ਅਤੇ ਨਾ ਹੀ ਕੋਈ ਫਲ ਖਾ ਸਕੀਏ।

ਇਸੇ ਤਰ੍ਹਾਂ ਜਦੋਂ ਅਸੀਂ ਕਿਸੇ ਕਾਵਿ ਬੰਦ ਦਾ ਅਤਿ ਵਿਸ਼ਲੇਸ਼ਣ ਕਰਾਂਗੇ ਤਾਂ ਅਸੀਂ ਉਸ ਬਾਰੇ ਆਪਣੇ ਗਿਆਨ ਵਿਚ ਤਾਂ ਵਾਧਾ ਕਰ ਲਵਾਂਗੇ ਪਰ ਅਨੰਦ ਨਹੀਂ ਲੈ ਸਕਾਂਗੇ।ਜੇ ਅਸੀਂ ਕਿਸੇ ਮਠਿਆਈ ਨੂੰ ਬਣਦਾ ਵੇਖ ਲਈਏ।ਖੈਰ----ਮੇਰਾ ਕਹਿਣ ਸੁਣਨ ਦਾ ਭਾਵ ਇਤਨਾ ਹੀ ਹੈ ਕਿ ਕਦੀ ਕਦੀ ਆਪਣੀਆਂ ਸਿਆਣਪਾਂ ਨੂੰ ਵਿਰਾਮ ਦੇ ਕੇ ਗੁਰਬਾਣੀ ਦੀ ਕਰਾਮਾਤ ਨੂੰ ਆਪਣੇ ਆਪ ਹੀ ਵਾਪਰਨ ਦੇਣਾ ਚਾਹੀਦਾ ਹੈ।---ਜਦੋਂ ਮੈਂ ਇਹ ਕੁਝ ਆਪਣੇ ਇੱਕ ਮਿੱਤਰ ਨੂੰ ਸੁਣਾਇਆ ਤਾਂ ਉਸ ਨੇ ਕਿਹਾ-ਸਮਝ ਨਹੀਂ ਆਉਂਦੀ ਤੂੰ ਕੀ ਕਹਿਣਾ ਚਾਹੁੰਦਾ ਹੈਂ।--ਮੈਂ ਕਿਹਾ ਕਿ ਸਮਝ ਤਾਂ ਮੈਨੂੰ ਵੀ ਨਹੀਂ ਆਉਂਦੀ।--ਪਰ ਹੁਣ ਅੰਗਰੇਜ਼ੀ ਲੇਖਕ John Dominic Crossan ਦਾ ਇਹ ਕਥਨ ਇੱਥੇ ਦਰਜ ਕਰਨਾ ਉਚਿਤ ਜਾਪਦਾ ਹੈ-

My point, once again, is not that those ancient people told literal stories and we are now smart enough to take them symbolically, but that they told them symbolically and we are now dumb enough to take them literally."

ਭੁੱਲ ਚੁੱਕ ਖਿਮਾ

# ਬਾਬੇ ਦੀ ਰਬਾਬ

**ਜੋਗਿੰਦਰ ਸਿੰਘ ਸੋਢੀ**

ਪਿਛਲੇ ਸਫ਼ੇ ਤੇ ਜ਼ਿਕਰ ਕੀਤਾ ਸੀ ਕਿ ਰਬਾਬ ਸਾਜ਼ ਦੀ ਇਬਤਦਾ ਤੇ ਇਸ ਦੇ ਗੁਣਾਂ ਬਾਰੇ ਜਾਣ-ਪਛਾਣ ਪੇਸ਼ ਕਰਾਂਗੇ। ਭਰੋਸੇ ਦੀ ਜ਼ਬਾਨ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਬਾਬੇ ਨਾਨਕ ਦੇਵ ਜੀ ਮਹਾਰਾਜ ਦੀ ਇਸ ਸਾਜ਼ ਦੀ ਚੋਣ ਅੰਦਰ ਵੀ ਇੱਕ ਇਲਾਹੀ ਭੇਦ, ਕੌਮੀ ਰਾਜ਼, ਰੂਹਾਨੀ ਗਿਆਨ ਅਤੇ ਪ੍ਰਭੂ ਫ਼ਿਲਾਸਫੀ ਦੀ ਅਗੰਮੀ ਸਿਆਣਪ ਦੀ ਅਲੌਕਿਕ ਤੇ ਹੈਰਾਨਕੁਨ ਵਿਦਵਤਾ, ਉਹਨਾਂ ਦੇ ਮਨ ਦਰਪਨ ਦੀ ਪਵਿੱਤਰਤਾ ਦੀ ਪ੍ਰਦਰਸ਼ਨੀ, ਗਿਆਨ ਮਈ ਸੂਝ ਨਾਲ ਪ੍ਰਫੁਲਤ ਦਿਸ ਆਉਂਦੀ ਹੈ।

ਅਸੀਂ ਹੁਣ ਉਸ ਸਾਜ਼ ਦੀ ਚੋਣ, ਯਾਨੀ ਇੰਤਖ਼ਾਬ ਤੇ ਗੌਰ ਕਰਦੇ ਹਾਂ। ਰਬਾਬ, ਅਰਬੀ ਦਾ ਸ਼ਬਦ ਹੈ ਅਤੇ ਇਸ ਦੀ ਸਾਂਝ ਤੇ ਰਿਸ਼ਤਾ ਫਾਰਸੀ ਬੋਲੀ ਵਿੱਚ ਵੀ ਤਰਬੈਣੀ ਦੇ ਸੰਗਮ, ਜਲ ਵਰਗਾ ਹੈ। ਇਹ ਲਫਜ਼ ਜਾਂ ਸ਼ਬਦ ਦੀ ਇਬਤਦਾ, ਸ਼ੁਰੂਆਤ ਤੇ ਆਰੰਭ, ਰੁੱਬ ਅੱਖਰ ਤੋਂ ਉਤਪੰਨ ਹੋਇਆ ਸੀ। ਇਹ ਜੋ ਵੀ ਮੈਂ ਅੰਕਿਤ ਕਰ ਰਿਹਾ ਹਾਂ, ਇਹ ਤਮਾਮ ਦਾ ਤਮਾਮ, ਫਾਰਸੀ ਤੇ ਅਰਬੀ ਜ਼ਬਾਨ ਵਿੱਚ ਲਿਖੀਆਂ ਹੋਈਆਂ ਤਸ਼ਰੀਹਾਂ, ਯਾਨੀ ਅਲੰਕਾਰ ਜੋ ਵੀ ਉਹਨਾਂ ਦੇਸ਼ਾਂ ਦੀਆਂ ਬਣਾਈਆਂ ਹੋਈਆਂ ਡਿਕਸ਼ਨਰੀਆਂ ਹਨ, ਉਹਨਾਂ ਤੋਂ ਆਸਰਾ ਲੈ ਕੇ ਲਿਖਤ ਰੂਪ ਦੇ ਰਿਹਾ ਹਾਂ। "ਰੁੱਬ", ਲਫਜ਼, ਅਰਬ ਦੇਸ਼ ਦੀ ਯੂਨਾਨੀ ਹਿਕਮਤ ਦੀ ਲੁਗ਼ਾਤ ਅੰਦਰ ਦਰਜ ਹੈ। ਲੁਗ਼ਾਤ ਦੇ ਅਰਥ ਹਨ, ਹਕੀਮੀ ਦਾ ਮਹਾਨ ਕੋਸ਼। ਰੁੱਬ, ਇੱਕ ਦਵਾਈ ਦੇ ਮੁਰੱਕਬ, ਯਾਨੀ ਦੋ ਚੀਜ਼ਾਂ ਦੇ ਜੋੜ-ਮੇਲ ਨਾਲ ਸੰਬੰਧਤ ਹੈ। ਅਨਾਰ ਫਲ ਤੇ ਅੰਗੂਰ ਦੇ ਰੱਸ ਨੂੰ ਇਕੋ ਮਿਕਦਾਰ ਵਿੱਚ ਮਿਲਾ ਕੇ, ਅੱਗ ਉੱਤੇ ਘੰਟਿਆਂ ਬੱਧੀ ਜੋਸ਼ ਦੇਣਾ ਤੇ ਮਿੱਠੀ ਮਿੱਠੀ ਅੱਗੇ, ਕਾਹੜ ਕਾਹੜ ਕੇ ਗਾਹੜਾ ਕਰ, ਉਸ ਨੂੰ ਸ਼ਹਿਦ ਰੂਪ ਵਿੱਚ ਲੈ ਆਉਣਾ। ਫੇਰ ਬਣੀ ਕੋਈ ਮਰੱਕਬ ਦੁਆਈ, ਸ਼ਹਿਨਸ਼ਾਹਾਂ ਤੇ ਅਮੀਰਾਂ ਦੇ ਬੱਚਿਆਂ ਨੂੰ ਗੁੜ੍ਹਤੀ ਦੇ ਤੌਰ ਤੇ ਦਿੱਤੀ ਜਾਂਦੀ ਸੀ। ਇਸ ਅੰਦਰ ਹਿਕਮਤ ਦੇ ਅਸੂਲ ਮੁਤਾਬਿਕ, ਬੱਚੇ ਨੂੰ ਇਸਦੀ ਬਾਕਾਇਦਾ ਵਰਤੋਂ ਦਾ ਸਦਕਾ, ਜ਼ਿਹਨ ਦੀ ਤਰੱਕੀ ਹੁੰਦੀ ਸੀ। ਹੱਡ ਪੈਰ ਨਰੋਏ, ਮਜ਼ਬੂਤ ਹੋ, ਚਿਹਰੇ ਤੇ ਊਸ਼ਾ ਦੀ ਲਾਲੀ ਪਰਵੇਸ਼ ਕਰਦੀ ਸੀ। ਇਲਾਵਾ ਇਸਦੇ, ਇਸ ਦੀ ਵਰਤੋਂ ਦੇ ਕਾਰਨ, ਬੱਚੇ ਦੀ ਆਉਣ ਵਾਲੀ ਆਯੂ ਵਿੱਚ ਤੰਦਰੁਸਤੀ ਰਹਿੰਦੀ ਸੀ ਤੇ ਘੱਟ ਤੋਂ ਘੱਟ ਬੀਮਾਰੀਆਂ ਹਮਲਾ ਕਰ ਸਕਦੀਆਂ ਸਨ। ਇਹਨਾਂ ਸੁਅੱਛ ਗੁਣਾਂ ਦੇ ਆਧਾਰ ਤੇ ਇਸ, ਮਰੱਕਬ ਦਾ ਜਨਮ ਰੁੱਬ ਰੱਖਿਆ ਗਿਆ ਹੈ।

ਰੁੱਬ, ਸ਼ਬਦ ਹਜ਼ਰਤ ਮੂਸਾ ਜੀ ਦੇ ਸਮੇਂ, ਰੂਬੀ ਨਾਮੇਂ ਪੱਥਰ ਨੂੰ ਵੀ ਆਖਿਆ ਗਿਆ, ਜਿਸ ਨੂੰ ਅਸੀਂ ਲਾਲ ਆਖਦੇ ਹਾਂ, ਜੋ ਕਿ ਹੀਰਿਆਂ ਪੰਨਿਆਂ ਤੇ ਕੀਮਤੀ ਪੱਥਰਾਂ ਦੀ ਕਿਸਮ ਵਿੱਚੋਂ ਹੈ ਅਤੇ ਪਿਛਲੇ ਸਮੇਂ ਅਤੇ ਅੱਜ ਵੀ ਲਾਲ ਦੀ ਕੀਮਤ ਹੀਰਿਆਂ ਨਾਲੋਂ ਘੱਟ ਨਹੀਂ ਗਿਣੀ ਜਾਂਦੀ। ਇਥੋਂ ਤੱਕ ਕਿ ਬੱਚੇ ਜਿਹੀ ਅਮੋਲਕ ਦਾਤ ਨੂੰ, ਹਰ ਮਾਂ ਲਾਡ ਵਿੱਚ ਮੇਰਾ ਪੁੱਤਰ, ਮੇਰੇ ਲਾਲ ਸ਼ਬਦ ਨਾਲ ਪਿਆਰਦੀ ਹੈ। ਇਹ ਹੈ ਇਸ ਸ਼ਬਦ ਤੇ ਪਦ ਦੀ ਗੌਰਵਤਾ। ਇਸੇ ਸ਼ਬਦ, ਯਾਨੀ ਰੁੱਬ ਨੇ ਜ਼ਮਾਨੇ ਦੀ ਅਥੱਕ ਚਾਲ ਦੇ ਪਲਟੇ ਵਿੱਚ, ਬੜੀ ਮਹੱਤਤਾ ਤੇ ਗੌਰਵਤਾ ਹਾਸਲ ਕੀਤੀ ਹੈ। ਜਦੋਂ ਕੁਰਾਨੇ ਮਜੀਦ ਜੀ ਦੀ ਇਲਾਹੀ ਬਾਣੀ ਲਿਖਣੀ ਆਰੰਭ ਹੋਈ ਤਾਂ ਪੀਰਾਨੇ ਪੀਰ ਦਸਤਗੀਰ ਹਜ਼ਰਤ ਮੁਹੰਮਦ ਸਾਹਿਬ ਜੀ ਨੇ, ਪ੍ਰਭੂ ਪ੍ਰਮੇਸ਼ਵਰ, ਕਰੀਮ-ਮੁਲ-ਕਮਾਲ, ਕਾਇਨਾਤ ਦੇ ਕਰਤਾ, ਪ੍ਰਭੂ ਨੂੰ, ਰੁੱਬ-ਉਲ-ਆਲਮੀਨ ਸ਼ਬਦ ਨਾਲ ਸੰਬੋਧਤ, ਬੜੇ ਸਤਿਕਾਰ ਤੇ ਅਮੁੱਕ ਅਦਬ ਨਾਲ ਕੀਤਾ ਗਿਆ ਸੀ। ਰੁੱਬ ਸ਼ਬਦ ਦੇ ਗੁਣ ਤੇ ਸਿਫ਼ਤਾਂ ਅਸੀਂ ਪਿੱਛੇ ਦੱਸ ਹੀ ਆਏ ਹਾਂ। ਉਲ, ਦੇ ਅਰਥ ਹਨ, ਤਮਾਮ ਪ੍ਰਕਿਰਤੀ, ਬ੍ਰਹਿਮੰਡ ਦਾ ਸਾਜਣਹਾਰ। ਆਲਮੀਨ, ਬ੍ਰਹਿਮੰਡ ਦੀ ਸ਼ਕਤੀ ਦਾ ਇਲਮ

ਰੱਖਣ ਵਾਲਾ, ਗਿਆਤਾ, ਕਰਤਾ ਪੁਰਖ। ਹਜ਼ਰਤ ਸਾਹਿਬੇ ਕਮਾਲ ਜੀ ਦਾ ਮਕਸਦ ਸੀ ਕਿ ਖ਼ੁਦਾਵੰਦ ਤਾਅਲਾ, ਨਿਰੀ ਮਿਠਾਸ ਹੈ, ਹਰ ਇੱਕ ਨਾਲ ਸੱਚਾ ਪਿਆਰ ਕਰਦਾ ਹੈ ਅਤੇ ਮਨੁੱਖ ਮਾਤਰ ਨੂੰ ਤਾਕਤ ਦੀਆਂ ਹਰ ਪਹਿਲੂ ਤੋਂ ਬਰਕਤਾਂ ਬਖ਼ਸ਼, ਪਾਲਣਾ ਕਰਦਾ ਹੈ। ਜਿਵੇਂ ਰੁੱਬ ਜਦੋਂ ਗੁੜ੍ਹਤੀ ਦੀ ਸ਼ਕਲ ਵਿੱਚ ਨੰਨੇ-ਮੁੰਨਿਆਂ ਨੂੰ ਤਾਕਤ ਤੇ ਨਰੋਇਆ-ਪਨ ਦੀ ਬਰਕਤ ਅਤਾ ਹੋਇਆ ਕਰਦੀ ਸੀ, ਇੰਝ ਹੀ ਅਸੀਂ ਵੀ ਰੱਬ ਦੇ ਬੱਚੇ ਹਾਂ, ਸਾਨੂੰ ਵੀ, ਆਪਣੇ ਬੱਚੇ ਸਮਝ ਕੇ, ਉਹ ਅਨੰਤ ਤਾਕਤਾਂ ਦੇ ਭੰਡਾਰ ਵਿੱਚੋਂ, ਸਾਨੂੰ ਆਪਣੀਆਂ ਰਹਿਮਤਾਂ ਇਨਾਇਤ ਕਰਦਾ ਹੈ। ਰੁੱਬ ਇਕ ਤਾਕਤ ਦੇਣ ਵਾਲੀ ਵਸਤੂ ਦਾ ਨਾਮ ਹੈ ਤੇ ਉਸ ਦੇ ਬਨਾਉਣ ਵਾਲੇ ਨੂੰ ਰੱਬ ਦੇ ਨਾਂ ਨਾ ਸਤਿਕਾਰਿਆ ਗਿਆ। ਇਸ ਦਾ ਇਹ ਮਤਲਬ ਨਹੀਂ, ਕਿ ਹਕੀਮ ਨੂੰ ਰੱਬ ਆਖਿਆ ਗਿਆ ਹੈ। ਕਹਿਣ ਤੋਂ ਭਾਵ ਹੈ ਕਿ ਰੁੱਬ ਬਣਾਉਣ ਵਾਲੇ ਦੇ ਪਿੱਛੇ ਜੋ ਸ਼ਕਤੀ ਕੰਮ ਕਰ ਰਹੀ ਸੀ, ਉਹ ਖ਼ੁਦਾ ਹੈ, ਜੋ ਖ਼ੁਦੀ, ਤਕੱਬਰੀ ਤੋਂ ਪਾਕ ਸਾਫ਼ ਹੈ, ਉਹ ਹੀ ਕਰਤਾ ਪੁਰਖ, ਰੱਬ ਹੋ ਸਕਦਾ ਹੈ। ਉਸੇ ਦੀ ਗ਼ਾਇਬੀ ਤਾਕਤਾਂ ਸਾਰੇ ਬ੍ਰਹਿਮੰਡ ਨੂੰ ਚਲਾ ਰਹੀਆਂ ਹਨ।

ਅਗਾਹਾਂ, ਚਲ ਕੇ ਇਸੇ ਰੁੱਬ ਸ਼ਬਦ ਤੋਂ ਰੁਬਾਈ ਅੱਖਰ ਦੀ ਪੈਦਾਇਸ਼ ਹੋਈ। ਜਿਸ ਦੇ ਅਰਥ ਸੁਘੜ ਸਿਆਣਿਆਂ ਨੇ ਇੰਜ ਕਰ ਕੇ ਦਰਸਾਏ ਹਨ ਕਿ ਕਾਵਿ-ਰਚਨਾ ਅੰਦਰ, ਰੁਬਾਇਆਤ, ਜ਼ਿੰਦਗੀ ਤੇ ਹੱਯਾਤ ਵਰਗੀ ਅਮੋਲਕ ਹਸਤੀ, ਜੋ ਕਿ ਮਿੱਠੇ ਅੰਗੂਰ ਵਰਗੀ ਹੈ, ਉਸ ਨੂੰ ਖ਼ਿਆਲਾਂ ਦੀ ਦਾਨਿਸ਼ਮੰਦੀ ਨਾਲ ਸਿੰਚ ਕੇ, ਮਨੁੱਖ ਦੀ ਜ਼ਿੰਦਗੀ ਨੂੰ ਖੁਸ਼ਹਾਲੀ ਦੀ ਸੁਰਖ਼ੀ ਪੇਸ਼ ਕਰਦੀਆਂ ਹਨ ਅਤੇ ਰੁਬਾਇਆਤ ਦੀਆਂ ਅਕੀਲ, ਯਾਨੀ ਸੁਘੜ ਕੁੰਜੀਆਂ ਵਿੱਚ ਹੀ, ਆਦਮੀ ਦੀ ਸੋਹਝੀ ਲਈ ਅਨੰਤ ਸਿਫ਼ਤਾਂ ਤੇ ਅਨੇਕ ਗੁਣਾਂ ਦੇ ਸਮੁੰਦਰ ਤੇ ਸਾਗਰ ਬੰਦ ਹਨ।

ਫ਼ਾਰਸੀ ਜ਼ਬਾਨ ਅੰਦਰ ਵੀ ਇਸ ਦੇ ਵਿਸ਼ੇਸ਼ ਅਰਥ ਹਨ। ਦਰਅਸਲ ਵਿੱਚ ਰੁੱਬ, ਜਾਂ ਰੁੱਬਾ ਦੇ ਅਰਥ ਵੀ ਬੜੀ ਬੇਨਜ਼ੀਰ ਅਹਿਮੀਅਤ ਰਖਦੇ ਹਨ ਤੇ ਇਹਨਾਂ ਦੇ ਮਾਅਨੀ ਵੀ ਬੜੀ ਉੱਚੇ ਤੇ ਪ੍ਰਭਾਵਸ਼ਾਲੀ ਹਨ। ਇਹਨਾਂ ਦੀ ਭਰਪੂਰਤਾ ਦਾ ਜ਼ਿਕਰ ਇੰਜ ਕਰ ਕੇ ਦਰਸਾਇਆ ਗਿਆ ਹੈ। ਉਦਾਹਰਨ ਦੇ ਤੌਰ ਤੇ ਸਾਜ਼ਾਂ ਨੂੰ ਤੱਕ ਲਈਏ, ਭਾਵੇਂ ਤਾਨਪੂਰਾ, ਮੰਜੀਰਾ, ਸਮਦਰ, ਤਾਊਸ, ਵਾਇਲਨ, ਵੀਨਾ, ਸਿਤਾਰ, ਹੌਨੂਜ, ਸਾਰੰਗੀ ਤੇ ਹੋਰ ਵੀ ਅਨਗਣਿਤ ਸਾਜ਼ ਸੰਸਾਰ ਵਿੱਚ ਮੌਜੂਦ ਹੋਣਗੇ, ਪਰੰਤੂ ਜੋ ਮਾਣ, ਸਤਿਕਾਰ, ਇੱਜ਼ਤ ਤੇ ਅਦਬ ਰਬਾਬ ਤੇ ਦਿਲ-ਰੁਬਾ ਸਾਜ਼ ਨੂੰ ਹਾਸਲ ਹੈ, ਉਹ ਹੋਰ ਸਾਜ਼ਾਂ ਨੂੰ ਐਨਾ ਮਾਣ ਪ੍ਰਾਪਤ ਨਹੀਂ। ਭਾਵੇਂ ਉਪਰ ਲਿਖੇ ਸਾਜ਼ਾਂ ਦੇ ਨਾਂ ਵੀ ਪਿਆਰੇ ਹਨ, ਸ਼ਕਲੋ-ਸ਼ੁਬਾ ਤੋਂ ਵੀ ਸੁੰਦਰ ਹਨ ਤੇ ਲੋਕਾਂ ਦੀ ਵਰਤੋਂ ਵਿੱਚ ਵੀ ਆਮ ਤੌਰ ਤੇ ਦਿਸ ਆਉਂਦੇ ਹਨ। ਮਗਰ ਦਿਲ-ਰੁਬਾ ਵਰਗੀ ਪ੍ਰਮਾਣਿਕ ਨਾਮ ਦੀ ਸਾਂਝ ਕਿਸੇ ਵੀ ਸਾਜ਼ ਨੂੰ ਪ੍ਰਾਪਤ ਨਹੀਂ। ਦਿਲ ਤੇ ਲੁਕਾਈ ਪਾਸ ਹੀ ਹੋ ਸਕਦਾ ਹੈ। ਮਨੁੱਖ ਨੂੰ ਹੀ ਦਿਲ ਵਰਤਨ ਦੇ ਕਈ ਢੰਗ ਅਤਾ ਹੋਏ ਹਨ। ਪਸ਼ੂ-ਪੰਛੀਆਂ ਜੀਵ ਜੰਤਾਂ ਤੋਂ ਉਠ, ਇਕ ਆਦਮੀ ਦੇ ਹਿੱਸੇ ਹੀ ਪ੍ਰਭੂ ਪ੍ਰਮਾਤਮਾ ਦੇ ਮਿਲਣ ਦੀ ਸਾਂਝ ਹਿਸੇ ਆਈ ਹੈ। ਮਕਸਦ ਇਹ ਹੋਇਆ ਕਿ ਜਿਵੇਂ ਆਦਮੀ ਦੀ ਜਾਤ ਬ੍ਰਹਿਮੰਡ ਅੰਦਰ, ਅਫਜ਼ਲ, ਅਹਿਮ, ਤੇ ਵਡੇਰੀ ਗਿਣੀ ਗਈ ਹੈ, ਇਸ ਲਈ ਇਸ ਦਾ ਦਿਲ ਵੀ ਚੰਗੇਰਾ, ਵਡੇਰਾ ਤੇ ਸ਼ਲਾਘਾ-ਭਰਪੂਰ ਹੋਣਾ ਚਾਹੀਦਾ ਹੈ ਅਤੇ ਹੈ ਵੀ, ਕਿਉਂਕਿ ਆਦਮੀ ਸਰਫ-ਉਲ-ਮਖਲੁਕਾਤ ਦੀ ਪਦਵੀ ਦਾ ਮਾਲਿਕ ਹੈ। ਇਸ ਲਈ, ਇਸ ਦੇ ਅਹਿਮ ਦਿਲ ਲਈ ਤਾਕਤ ਵੀ ਰਬਾਬ ਦੀ ਬਲਵਾਨਤਾ ਪਾਸੋਂ ਹੀ ਮਿਲ ਸਕਦੀ ਹੈ। ਜਿਸ ਦੇ ਕਾਰਨ ਮੁਖ਼ਫ਼ਫ਼ ਯਾਨੀ ਸੰਖੇਪ ਕਰ ਕੇ ਸਾਜ਼ ਦੇ ਨਾਂ ਨੂੰ ਆਦਮੀ ਦੇ ਦਿਲ ਜਿੰਨੀ ਮਹਾਨਤਾ ਮਿਲੀ ਤੇ ਨਾਮ ਦਿਲ-ਰੁਬਾ (ਦਿਲ-ਰਬਾਬ) ਰਖਿਆ ਗਿਆ।

ਇਸ ਰੁਬਾਈ ਸ਼ਬਦ ਦੀ ਮਹਾਨਤਾ ਤੇ ਮਹੱਤਤਾ ਸਮੇਂ ਸਮੇਂ ਸਿਰ ਵਧਦੀ ਹੀ ਗਈ। ਪੰਜਾਬੀ ਭਾਸ਼ਾ ਵਿੱਚ ਗੁਰੂ-ਸਾਹਿਬਾਨ ਜੀ ਨੇ, ਇਸ ਸ਼ਬਦ ਨੂੰ ਬੜੀ ਯੋਗ ਇੱਜ਼ਤ ਬਖ਼ਸ਼ੀ ਹੈ। ਬਾਣੀ ਅੰਦਰ, ਚੌਪਦ, ਚੌਪਈ,

ਚਾਰ ਪਦੇ, ਚੌਪਦੇ, ਇਹਨਾਂ ਲਫ਼ਜ਼ਾਂ ਦੇ ਅਰਥ, ਚੌਧਰੀ ਵੀ ਹੁੰਦਾ ਹੈ। ਪ੍ਰਧਾਨ ਪਦ ਲਈ ਵੀ ਵਰਤੇ ਜਾਂਦੇ ਹਨ। ਬਾਣੀ ਵਿੱਚ ਇਸ ਦੇ ਮਾਅਨੀ ਹਨ, ਚਾਰ ਕੰਨਾਂ ਵਾਲਾ, ਚਾਰ ਪਹਿਲੂ ਰੱਖਣ ਵਾਲਾ, ਚਾਰ ਦਿਸ਼ਾ ਦਾ ਜਾਦੂ, ਗਿਆਨੀ। ਚਾਰ ਚਰਣ ਲੱਛਣਾਂ ਦਾ ਮਾਲਕ ਯਾਨੀ ਉਹ ਕਾਵਿ-ਰਚਨਾ ਦੇ ਸ਼ਬਦ, ਜਿਸ ਦੇ ਪੜ੍ਹਿਆਂ, ਸੁਣਿਆਂ ਜਾਣਿਆ ਸਮਝਿਆ, ਚਾਰ ਕੂਟਾਂ ਦਾ ਗਿਆਨ ਹਾਸਲ ਹੋ ਜਾਏ, ਚੌਪਦੇ ਦੇ ਇਲਮੀ ਤੇ ਵਿਦਿਅਕ ਅਰਥ ਹਨ, ਜਿਹੜੇ ਸ਼ਬਦ ਵਿੱਚ ਚਾਰ ਤੁਕਾਂ ਹੋਣ, ਯਾਨੀ ਦੋ ਸ਼ੇਅਰ ਅਤੇ ਅਰੰਭਕ ਤੁਕ ਦੇ ਅਰਥ ਚੌਥੀ ਤੁਕ ਦੇ ਅਰਥ ਭੇਦ ਕਰਦੇ ਹੋਣ, ਤੇ ਮਿਲ-ਜੁੜਵੀਂ ਵਿਚਾਰ ਪੇਸ਼ ਕਰਨ, ਉਸ ਨੂੰ ਰੁਬਾਈ, ਜਾਂ ਚੌਪਦੇ ਆਖਿਆ ਜਾਂਦਾ ਹੈ।

ਸੰਸਾਰ ਦੀ ਉਤਪਤੀ, ਕਾਵਿ-ਰਚਨਾ, ਸ਼ਬਦ ਦੀ ਆਵਾਜ਼ ਤੋਂ ਪੈਦਾ ਹੋਈ ਦੱਸਦੇ ਹਨ। ਇਸ ਵਿਸ਼ੇ ਤੇ ਹਰ ਧਰਮ, ਮਜ਼ਹਬ ਤੇ ਈਮਾਨ ਰੱਖਣ ਵਾਲਿਆਂ ਦਾ ਅਕੀਦਾ ਇਕੋ ਹੀ ਹੈ ਅਤੇ ਇਸ ਸ਼ਬਦ ਰਚਨਾ, ਬ੍ਰਹਿਮੰਡ ਦੀ ਉਤਪਤੀ ਵਿੱਚ ਮੂਲ ਕਰ ਕੇ ਜਾਣਿਆ ਹੈ ਅਤੇ ਹਰ ਧਰਮ ਦੇ ਸਿਆਣਿਆਂ ਦੀ ਰਾਇ, ਹਰ ਪਹਿਲੂ ਹਰ ਦ੍ਰਿਸ਼ਟੀਕੋਣ ਤੋਂ ਇਤਫ਼ਾਕ ਰਾਇ ਦਾ ਪ੍ਰਗਟਾਵਾ ਕਰਦੇ ਹਨ। ਮਨੁੱਖ ਦੀ ਗਿਆਤ ਤੋਂ ਇਹ ਗੱਲ ਪਰੇ ਨਹੀਂ, ਕਿ ਜਿਸ ਸਮੇਂ, ਕਿਸੇ ਵੀ ਦੇਸ ਅੰਦਰ ਕਵੀ ਪੈਦਾ ਹੋਏ ਅਤੇ ਜਦ ਵੀ ਉਹਨਾਂ ਨੇ ਪ੍ਰਭੂ ਦੀ ਸਿਫ਼ਤ ਯਾਨੀ ਤੋਸੀਫ਼ੇ ਸਨ ਵਿੱਚ ਲਿਖਿਆ, ਗਾਵਿਆ ਤੇ ਆਉਣ ਵਾਲੇ ਭਵਿੱਖ, ਯਾਨੀ ਮੁਸਤਿਕਬਿਲ ਜ਼ਮਾਨੇ ਲਈ ਕਾਵਿ ਰਚਨਾਵਾ ਉਕਰੀਆਂ, ਆਪਣੇ ਆਪਣੇ ਦੇਸ਼ਾਂ ਦੀਆਂ ਭਾਸ਼ਾਵਾਂ ਤੇ ਜ਼ਬਾਨਾਂ ਅੰਦਰ, ਤਾਂ ਉਹਨਾਂ ਹਸਤੀਆਂ ਨੇ ਆਪਣੀ ਪੁਸਤਕ ਜਿਸ ਨੂੰ ਦੀਵਾਨੋ ਆਖਿਆ ਜਾਂਦਾ ਹੈ, ਉਸ ਅੰਦਰ ਰੁਬਾਇਆਤ ਅੰਦਰ ਵੱਡੀ ਤੋਂ ਵਡੇਰੀ ਗਲ ਦੇ ਵਿਸਤਾਰ ਨੂੰ ਚਾਰ ਸਤਰਾਂ ਵਿੱਚ ਦਰਸਾਉਣਾ ਹੁੰਦਾ ਹੈ, ਇਸ ਲਈ ਅਤਿ ਤਜ਼ਰਬੇ ਭਰੀ ਸਿਆਣਪ ਦੀ ਲੋੜ ਹੁੰਦੀ ਹੈ। ਦੂਸਰੇ ਫ਼ਿਲਾਸਫੀ ਦਾ ਖੁਲਾਸਾ ਇਸ ਵਿੱਚ ਉਕਰਿਆ ਜਾਣਾ ਚਾਹੀਦਾ, ਇਸ ਲਈ ਰੁਬਾਈ ਲਿਖਣੀ ਕੋਈ ਮਾਮੂਲੀ ਗੱਲ ਨਹੀਂ। ਤੀਸਰੇ ਕਵੀ ਦੀ ਕਾਬਲੀਅਤ ਤੇ ਉਸ ਦੀ ਸ਼ਖ਼ਸੀਅਤ ਇਸ ਅੰਦਰ ਬੰਦ ਹੁੰਦੀ ਹੈ। ਜਿਸ ਦੇ ਕਾਰਨ, ਉਸ ਦਾ ਸਨਮਾਨ, ਆਉਣ ਵਾਲੇ ਸਮੇਂ ਅੰਦਰ ਬਜਾ ਹੁੰਦਾ ਹੈ। ਤੇ ਉਹੋ ਹੀ ਲੋਕ ਪਬਲਿਕ ਦੀਆਂ ਨਜ਼ਰਾਂ ਵਿੱਚ ਇੱਜ਼ਤ, ਅਦਬੋ-ਅਦਾਬ ਦੇ ਸਦੀਵੀ ਪਾਤਰ ਹੁੰਦੇ ਹਨ। ਹੁਣ ਅਸੀਂ ਆਪ ਸੱਜਣਾਂ ਦੀ ਗਿਆਤ ਲਈ ਕੁਝ ਕੁ ਮਕੱਰਮ ਹਸਤੀਆਂ ਦੀ ਆਪ ਜੀ ਦੇ ਨਾਲ ਸਾਂਝ ਪ੍ਰਾਪਤ ਕਰਾਉਣ ਦਾ ਯਤਨ ਕਰਦੇ ਹਾਂ, ਜਿਨ੍ਹਾਂ ਨੇ ਲੰਘੇ ਹੋਏ ਸਮੇਂ ਅੰਦਰ ਸਦੀਆਂ ਪਹਿਲੇ ਨਾਮਣਾ ਪੈਦਾ ਕੀਤਾ ਹੈ।

ਭਾਈ ਸਾਹਿਬ, ਭਾਈ ਨੰਦ ਲਾਲ ਜੀ ਗੋਇਆ, ਖੁਆਜਾ ਹਾਫ਼ਿਜ਼ ਜੀ, ਸ਼ਹਿਰ ਖੇਜ਼ੀ ਸਾਹਿਬ, ਸ਼ੇਖ ਸ਼ਾਦੀ ਜੀ, ਖਾਕਾਨੀ ਸਾਹਿਬ, ਅੱਤਾਰ ਜੀ, ਉਰਫੀ ਸ਼ੀਰਾਜੀ ਸਾਹਿਬ, ਬੇ-ਦਿਲ ਜੀ, ਸਾਇਬ ਤਬਰੇਜ਼ੀ ਜੀ, ਨਰ ਸਦ ਸਾਹਿਬ ਜੀ, ਫਰਾਕ ਉਸਤਾਦ ਜੀ, ਬਾਸ਼ ਸਾਹਿਬ, ਸ਼ਿਵੀ ਮਹਾਰਾਜ ਜੀ, ਮੌਲਾਨਾ ਰੋਮੀ ਜੀ, ਨਜ਼ਾਮੀ ਬਖ਼ਤ ਸਾਹਿਬ, ਜ਼ੋਕੁ ਜੀ, ਸ਼ਾਹ ਮੁਹੰਮਦ ਜੀ, ਮਿਲਖੀ ਸਾਹਿਬ, ਦਾਗ਼ ਸਾਹਿਬ, ਗ਼ਾਲਿਬ ਚਾਚਾ ਜੀ, ਸਰ ਮੁਹੰਮਦ ਇਕਬਾਲ ਜੀ, ਤੁਲਸੀ ਜੀ, ਕਾਲੀ ਦਾਸ ਸਾਹਿਬ, ਵਾਰਦਾ ਜੀ ਸ਼ਾਹ ਮੁਹੰਮਦ ਜੀ, ਭੀਖਾ ਜੀ, ਡਾਕਟਰ ਰਾਬਿੰਦਰ ਨਾਥ ਟੈਗੋਰ ਜੀ, ਇਹ ਹਸਤੀਆਂ ਸੰਸਾਰ ਵਿੱਚ ਉਘੀਆਂ ਹਨ ਜਿਨ੍ਹਾਂ ਨੇ ਰੁਬਾਇਆਤ ਪੇਸ਼ ਕਰ ਸੰਸਾਰ ਭਰ ਦੇ ਮਨੁੱਖ ਸਮਾਜ ਨੂੰ ਉਤਾਹਾਂ ਚੁਕਣ ਦੇ ਉਪਰਾਲੇ ਕੀਤੇ ਹਨ। ਭੀਖਾ ਕਵੀ ਜੀ ਦਾ ਕਾਵਿ ਰਚਨਾ ਦੇ ਬਾਰੇ ਫੁਰਮਾਨ ਹੈ:

ਭੀਖਾ ਇਹ ਬਾਤ ਅਗੰਮ ਕੀ ਕਹਿਣ ਸੁਨਣ ਕੀ ਨਾਹ।
ਜੋ ਜਾਨੇ ਸੁ ਕਹੇ ਨਾਹ, ਜੋ ਕਹੇ ਸੋ ਜਾਨੇ ਨਾਹ।

ਨਸਰ, ਕਵਿਤਾ, ਗੀਤ, ਗ਼ਜ਼ਲ, ਰੁਬਾਇਆਤ, ਸ਼ੇਅਰ, ਕਬਿੱਤ, ਸਵੱਯੇ, ਗਣਰਾਜ ਕਵਿਤਾ, ਟੱਪੇ, ਰੂਹਾਨੀ ਸ਼ਬਦ, ਕੁਆਲੀ, ਇਹ ਤਮਾਮ ਦੇ ਤਮਾਮ ਅਗੰਮੀ ਭੇਦ ਰਖਦੇ ਹਨ, ਇਹਨਾਂ ਦੀ ਸ਼ਲਾਘਾ ਵਿੱਚ ਲਿਖਣ ਲਈ ਉਮਰਾਂ ਚਾਹੀਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬੀੜ ਵਿੱਚ, ਅੰਤਲੀ, ਸੰਪੂਰਨਤਾ ਦੀ ਮੋਹਰ, ਨੌਵੀਂ ਪਾਤਸ਼ਾਹੀ, ਸ੍ਰੀ ਗੁਰੂ ਤੇਗ਼ ਬਹਾਦਰ, ਹਿੰਦ ਦੀ ਚਾਦਰ ਜੀ ਦੀ ਰੁਬਾਇਆਤ ਨਾਲ ਗੁੰਦੀ ਗਈ ਹੈ। ਆਪ ਦੀਆਂ ਸਨਮਾਨਣ ਯੋਗ, ਵਿਰਾਗ ਮਈ, ਇਲਾਹੀ ਰੰਗਣ ਵਿੱਚ ਅਲਮਸਤੀ ਦਾ ਆਲਮ ਪੈਦਾ ਕਰਨ ਵਾਲੀਆਂ, ਫ਼ਿਲਾਸਫੀ ਭਰਪੂਰ ਸਤਵਿੰਜਾ ਰੁਬਾਇਤਾਂ, ਬੜੇ ਦਰਜੇ ਵਾਰ, ਸੁੰਦਰ ਮਾਣਿਕ ਮੋਤੀਆਂ ਦੀ ਮਾਲਾ ਵਾਂਗ, ਇੱਕ ਅਲੌਕਿਕ ਢੰਗ ਨਾਲ ਅੰਕਿਤ ਕੀਤੀਆਂ ਹੋਈਆਂ ਹਨ। ਪ੍ਰਭੂ ਮਿਲਾਪ ਤੇ ਇਨਸਾਨੀ ਕਰਤਬਾਂ ਦੀ ਪਾਵਨ ਪਵਿੱਤਰਤਾ ਅਮੁੱਕ, ਅਤੁੱਟ ਤੇ ਅਨੰਤ ਵਿਸਮਾਦ ਮਸਤੀ ਦਾ ਭੰਡਾਰ ਹਨ।

ਪਿਛੇ ਜਿਥੇ ਕੁ ਅਸੀਂ ਕਵੀਆਂ ਦਾ ਜ਼ਿਕਰ ਕਰ ਰਹੇ ਸਾਂ, ਉਹਨਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਨੂੰ ਦੀਵਾਨੇ ਨਾਮ ਨਾਲ ਲਿਖਤ ਵਿੱਚ ਅੰਕਤ ਕੀਤਾ ਸੀ। ਇਸ ਨਾਮ ਦੀ ਵਿਲੱਖਣਤਾ ਕੀ ਹੈ, ਇਸ ਤੇ ਕੁਝ ਕੁ ਸ਼ਬਦ ਉਲੀਕਦੇ ਹਾਂ, ਤਾਕਿ ਕਾਵਿ-ਰਚਨਾ ਦਾ ਸਹੀ ਮਤਲਬ, ਉਸ ਦੇ ਅਰਥ, ਤੇ ਉਸ ਦੇ ਅਦਬ ਅਸਥਾਨ ਦਾ ਗਿਆਨ ਹਾਸਲ ਹੋ ਜਾਏ। ਕਈ ਵਾਰੀ ਤੇ ਅਕਸਰ ਕਰ ਕੇ, ਕਈ ਬੰਦੇ ਸਾਨੂੰ ਉਹਨਾਂ ਦੇ ਖ਼ੂਬਸੂਰਤ ਨਾਮ ਕਰ ਕੇ ਹੀ ਪਿਆਰੇ ਲੱਗਣ ਲਗ ਪੈਂਦੇ ਹਨ, ਤੇ ਉਹਨਾਂ ਲਈ ਸਤਿਕਾਰ ਪੈਦਾ ਹੋ ਜਾਂਦਾ ਹੈ। ਇੰਝ ਹੀ ਪੁਸਤਕਾਂ ਦੇ ਨਾਮ ਦਾ ਵਿਸ਼ੇਸ਼ਣ ਹੁੰਦਾ ਹੈ। ਦੀਵਾਨ ਸ਼ਬਦ, ਫਾਰਸੀ ਦਾ ਹੈ। ਅਰਥ ਹਨ, ਬਾਦਸ਼ਾਹੀ ਅਦਾਲਤ, ਵਜ਼ੀਰ ਮਸ਼ੀਰਾਂ ਦੇ ਬੈਠਣ ਦੀ ਜਗ੍ਹਾ ਜਾਂ ਕਮਰਾ। ਜਲਸੇ ਮਨਾਉਣ ਦਾ ਕਮਰਾ। ਕਵੀਆਂ ਦੀ ਸਲਾਹ ਮਸ਼ਵਰੇ ਦੀ ਬੈਠਕ। ਸ਼ਾਹੀ ਦਰਬਾਰ, ਜਿੱਥੇ ਵਜ਼ੀਰ, ਮਸ਼ੀਰ ਤੇ ਸਿਆਣਿਆਂ ਨਾਲ ਇਕੱਠੇ ਬੈਠ ਕੇ ਰਿਆਸਤ ਜਾਂ ਸਲਤਨਤ ਅੰਦਰ ਰਹਿੰਦੇ ਲੋਕਾਂ ਦੇ ਬਾਰੇ ਆਰਾਮ ਦੇ ਸਾਧਨ ਸੋਚੇ ਜਾਂਦੇ ਹਨ ਤੇ ਕਈ ਕਿਸਮ ਦੇ ਇੰਤਜ਼ਾਮਾਂ ਤੇ ਵਿਚਾਰਾਂ ਹੁੰਦੀਆਂ ਹਨ। ਜਿੱਥੇ ਇਹ ਵਿਚਾਰ ਵਟਾਂਦਰੇ ਕੀਤੇ ਜਾਂਦੇ ਹਨ, ਉਸ ਕਮਰੇ ਨੂੰ, ਬੈਠਕ ਨੂੰ, ਹਾਲ ਨੂੰ ਦੀਵਾਨ-ਘਰ ਜਾਂ ਦੀਵਾਨ-ਖ਼ਾਨਾ ਆਖਿਆ ਜਾਂਦਾ ਹੈ। ਕਿਉਂ ਜੋ ਉਸ ਜਗ੍ਹਾਂ ਤੇ ਕਈ ਕਿਸਮ ਦੇ ਮੁਆਮਲਿਆਂ ਤੇ ਖ਼ਿਆਲਾਂ ਦਾ ਪ੍ਰਗਟਾਵਾ ਹੁੰਦਾ ਹੈ।

ਇੰਝ ਹੀ ਉਪਰ ਲਿਖੀ ਵਿਚਾਰ ਦੇ ਮੁਤਾਬਿਕ, ਕਵੀ ਜਨ, ਜ਼ਿੰਦਗੀ ਦੇ ਕਈ ਇੱਕ ਪਹਿਲੂਆਂ ਉੱਤੇ ਆਪਣੀਆਂ ਕਾਵਿ ਰਚਨਾਵਾਂ ਦਾ ਸਦਕਾ ਰੋਸ਼ਨੀ ਪਾਉਂਦੇ ਹਨ। ਮਿਸਾਲ ਦੇ ਤੌਰ ਤੇ, ਗ਼ਜ਼ਲ ਅੰਦਰ ਉਦਾਸ ਦਿਲਾਂ ਦੀ ਕਹਾਣੀ ਹੁੰਦੀ ਹੈ। ਗੀਤਾਂ ਅੰਦਰ ਮਨੁੱਖਤਾ ਦੇ ਚਾਅ ਮਲਹਾਰ ਤੇ ਮਿਲਾਪ ਦੀਆਂ ਸਾਂਝਾਂ ਦਾ ਜ਼ਿਕਰ ਹੁੰਦਾ ਹੈ। ਰੁਬਾਇਆਤ ਵਿੱਚ ਲੰਮੇਰੀਆਂ ਦਾਸਾਤਾਨਾਂ ਨੂੰ ਗੁਲਦਸਤੇ ਦੀ ਸ਼ਕਲ ਦਿੱਤੀ ਹੋਈ ਹੁੰਦੀ ਹੈ। ਕਿਤੇ ਮਜ਼ਦੂਰ ਦੇ ਪਸੀਨੇ ਦੀ ਤਸਵੀਰ ਹੁੰਦੀ ਹੈ ਅਤੇ ਕਦੀ ਕਦੀ ਅਮੀਰ ਦੀ ਬੇ-ਇਨਸਾਫ਼ੀ ਦੀ ਖੱਲ ਲਾਹੀ ਹੁੰਦੀ ਹੈ। ਪਿਆਰ ਦੇ ਸੰਦੇਸ਼, ਫਰਾਕ ਦੀਆਂ ਕਸਕਾਂ, ਬੇਵਫਾਈ ਦੇ ਗਿਲੇ, ਜੁਦਾਈ ਦੀਆਂ ਟੀਸਾਂ ਉਕਰੀਆਂ ਹੋਈਆਂ ਹੁੰਦੀਆਂ ਹਨ। ਚੂੰਕਿ ਜ਼ਿੰਦਗੀ ਦੇ ਬਹੁਤ ਤੇ ਕਈ ਇਕ ਪਹਿਲੂਆਂ ਦੀ ਤਹਿਜ਼ੀਬ ਨੂੰ ਦਰਸਾਇਆ ਹੁੰਦਾ ਹੈ, ਇਸ ਲਈ ਜਿਹੜੇ ਕੰਮ ਕਈ ਇੱਕ ਦੀਵਾਨਖ਼ਾਨਿਆਂ ਚ ਕੀਤੇ ਜਾਣ ਵਾਲੇ ਹੁੰਦੇ ਹਨ, ਉਹ ਇਕੋ ਹੀ ਪੁਸਤਕ, ਜਾਂ ਕਿਤਾਬ ਨੂੰ ਦੀਵਾਨ ਨਾਮ ਨਾਲ ਸੰਬੋਧਤ ਕੀਤਾ ਜਾਂਦਾ ਹੈ। ਇਹ ਇੱਕ ਉਤਮ ਸਤਿਕਾਰ ਢੰਗ ਹੈ। ਜਿਵੇਂ ਸਿੱਖ ਧਰਮ ਵਿੱਚ, ਪੜ੍ਹਨ ਯੋਗ ਕਵਿਤਾਵਾਂ ਦਾ ਸੰਗ੍ਰਹਿ ਦੀਵਾਨੇ ਗੋਇਆ ਜੀ ਹੈ। ਦੀਵਾਨੇ ਗ਼ਾਲਿਬ, ਦੀਵਾਨੇ ਸ਼ੇਖ਼ ਸਾਅਦੀ ਜੀ, ਵਗ਼ੈਰਾ ਵਗ਼ੈਰਾ। ਇਹ ਹਨ ਦੀਵਾਨ ਨਾਮੀ ਪੁਸਤਕ ਦੀ ਤਾਰੀਫ਼ ਤੇ ਸ਼ਲਾਘਾ ਵਿੱਚ ਚਾਰ ਸ਼ਬਦ, ਜੋ ਅਸੀਂ ਪੇਸ਼ ਕਰ ਰਹੇ ਹਾਂ।

ਪਾਠਕ ਸ਼ਰੇਣੀਆਂ ਦਾ ਧਿਆਨ, ਫਿਰ ਅਸੀਂ ਰਬਾਬ ਦੀ ਚੋਣ ਤੇ ਗੁਰੂ ਸਾਹਿਬ ਦੀ ਕਮਾਲੀਅਤ ਵਲ

ਲੈ ਜਾਣਾ ਚਾਹੁੰਦੇ ਹਾਂ। ਅਸੀਂ ਪਿਛੇ ਦੱਸ ਆਏ ਹਾਂ ਕਿ ਲਫ਼ਜ਼ ਰੁੱਬ ਨੇ ਕਿੰਨੀਆਂ ਬਿਹਤਰੀਨ ਸ਼ਾਖਾਂ ਪੈਦਾ ਕੀਤੀਆਂ। ਰੁੱਬ ਤੋਂ, ਰੁੱਬ-ਉਲ-ਆਲਮੀਨ, ਫੇਰ, ਰਬਾਬ ਸਾਜ਼ ਤੇ ਸਾਜ਼ ਦਾ ਨਾਂ ਇਹ ਕਿਉਂ ਸੀ ਕਿਉਂਕਿ ਦਿਲਾਂ ਦੀ ਮਾਯੂਸੀ ਦਾ ਭਾਰ ਇਸ ਦੀ ਮਧੁਰ ਸੁਰਾਂ ਨਾਲ ਮਨੁੱਖ ਮਨ ਤੋਂ ਲਾਹੁਣਾ ਸੀ, ਇਸ ਲਈ ਤਗ਼ੱਬਰ ਇਨਕਲਾਬ ਲੈ ਆਉਣ ਦੀ ਲੋੜ ਸੀ, ਇਸ ਲਈ ਮਨੁੱਖ ਨੂੰ ਪਹਿਲ ਦਿੱਤੀ ਤੇ ਨਾਮ ਵਿੱਚ ਥੋੜੀ ਜਿਹੀ ਤਬਦੀਲੀ ਲਿਆ, ਦਿਲ-ਰੁਬਾ ਨਾਂ ਰੱਖ ਦਿੱਤਾ ਕਿਉਂ ਜੋ ਸੰਸਾਰ ਭਰ ਦੇ ਅਗੰਮੀ ਇੰਤਜ਼ਾਮ ਤੇ ਕਾਦਰ ਦੀ ਕੁਦਰਤੀ ਤਕਸੀਮ ਤੇ ਵੰਡ ਦੀ ਭਾਲ ਦਿਲ ਨੇ ਕਰਨੀ ਸੀ, ਸੋ ਨਾਮ ਰੱਖਣ ਅੰਦਰ ਦਿਲ ਨੂੰ ਅਫ਼ਜ਼ਲ ਜਾਣ ਮਨੁੱਖੀ-ਦਿਲ ਨੂੰ ਮੋਹਰੀ ਬਣਾ ਦਿੱਤਾ। ਹਕੀਕਤ ਵੀ ਏਸੇ ਵਿੱਚ ਹੀ ਝਲਕ ਮਾਰਦੀ ਹੈ। ਆਖ਼ਰ ਸਾਜ਼ ਦਾ ਕਰਤਾ ਵੀ ਤੇ ਮਨੁੱਖ ਹੀ ਸੀ, ਇਸ ਲਈ ਇਸ ਦਾ ਹਕ ਪਹਿਲੇ ਹੀ ਬਣਦਾ ਸੀ। ਕਿਸੇ ਗੁਮਨਾਮ ਕਵੀ ਨੇ ਕਿੰਨੀ ਨਫੀਸ ਤਸ਼ਰੀਹ ਕੀਤੀ ਹੈ ਇਸ ਦਿਲ ਦੀ, ਫੁਰਮਾਨ ਹੈ:

ਦਿਲ ਹੀ ਡੂਬੇ ਭੀ, ਡੁਬਾਏ ਭੀ, ਬਚਾਏ ਭੀ ਰਸ਼ੀਦ।
ਯੇਹੀ ਦਰਿਯਾ ਹੈ, ਯੇਹੀ ਕਿਸ਼ਤੀ ਹੈ, ਯੇਹੀ ਲੰਗਰ,
ਯੇਹੀ ਕਿਨਾਰਾ ਹੈ।

ਗੱਲ ਕੀ ਸੰਸਾਰ ਦਿਲ ਦੀ ਦਲੀਲ ਨਾਲ ਚਲ ਰਿਹਾ ਹੈ, ਅਤੇ ਦਿਲ ਦੇ ਫਲਸਫ਼ੇ ਸੰਸਾਰ ਦੇ ਕਿਰਤਮ ਮੰਡਲ ਅੰਦਰ, ਇੰਝ ਬਿਰਾਜਮਾਨ ਹਨ, ਜਿਵੇਂ ਸਾਜ਼ ਦੀਆਂ ਤਾਰਾਂ ਅੰਦਰ ਰਾਗ ਦੀਆਂ ਅਲਮਸਤ ਧੁਨਾਂ ਛੁਪੀਆਂ ਹੁੰਦੀਆਂ ਹਨ ਤੇ ਫੁੱਲ ਦੀਆਂ ਪੱਤੀਆਂ ਅੰਦਰ ਖ਼ੁਸ਼ਬੂ ਲੁਕੀ ਪਾਈ ਜਾਂਦੀ ਹੈ। ਰਿਸ਼ੀਆਂ ਮੁਨੀਆਂ ਤੇ ਵਿਦਾਂਤੀਆਂ ਨੇ, ਕੁਦਰਤ ਨੂੰ ਇੱਕ ਯੂਨੀਵਰਸਲ ਦਿਲ ਕਰ ਕੇ ਦਰਸਾਇਆ ਹੈ ਤੇ ਉਸ ਉਚੇ ਅਪਾਰ ਦਿਲ, ਯਾਨੀ ਬੇਅੰਤ ਸੁਆਮੀ ਦੇ ਅਥਾਹ ਦਿਲ ਪਾਸੋਂ ਇਹ ਮਨੁੱਖ ਦਿਲ ਥੋੜੀ ਥੋੜੀ ਤਾਕਤ ਲੈ ਵੱਖਰਾ ਵੱਖਰਾ ਗਿਆਨ ਪ੍ਰਾਪਤ ਕਰਦਾ ਹੈ। ਇਹ ਇਕ ਮੰਨੀ-ਪ੍ਰਮੰਨੀ ਸਾਇੰਟਿਫਿਕ ਹਕੀਕਤ ਹੈ।

ਰਬਾਬ, ਈਰਾਨੀ ਸਾਜ਼ ਹੈ, ਤੇ ਇਹ ਖਿਰਾਜ਼ ਦੀ ਤੰਦ ਜੋ ਕਿ ਰੇਸ਼ਮ ਦੀ ਹੁੰਦੀ ਹੈ, ਉਸ ਨਾਲ ਬਾਕੀ ਦੀਆਂ ਤਾਰਾਂ ਨੂੰ ਸੁਰ ਵਿੱਚ ਵਜਾਈਦਾ ਹੈ। ਇਸ ਦੇ ਵਜਾਉਣ ਲਈ ਉਂਗਲੀ ਤੇ ਮਿਜ਼ਰਾਬ ਨਾਮੀ ਅੰਗੂਠੀ ਪਹਿਨਣੀ ਪੈਂਦੀ ਹੈ। ਰੱਬਾਬ ਸ਼ਬਦ ਦੇ ਅਰਥ ਵੀ ਹੈਰਾਨਕੁਨ ਫ਼ਲਸਫੇ ਦੇ ਖਜ਼ਾਨੇ ਹਨ। ਜੇ ਪਹਿਲੇ ਦੋ ਅਖਰ ਲੈ ਲਈਏ ਤਾਂ ਰੱਬ, ਸ਼ਬਦ ਬਣ ਜਾਂਦਾ ਹੈ। ਰੱਬ ਲਫ਼ਜ਼ ਤੇ ਅੱਧਕ ਹੋਣ ਦੇ ਕਾਰਨ ਬੱਬਾ ਅੱਖਰ ਦੋਹਰੀ ਆਵਾਜ਼ ਦਿੰਦਾ ਹੈ। ਤੇ ਜੇ ਰਾਰੇ ਨੂੰ ਵੱਖ ਕਰ ਦਈਏ ਤਾਂ ਲਫਜ਼ ਬਾਬ ਰਹਿ ਜਾਂਦਾ ਹੈ। ਇਹ ਲਫ਼ਜ਼ ਫ਼ਾਰਸੀ ਦਾ ਹੈ। ਇਸ ਦੇ ਮਾਅਨੇ ਹਨ, ਬਾਬਤ, ਕਿਸੇ ਲਈ, ਦਰਬਾਰ, ਦਰਵਾਜ਼ਾ, ਸਮਾਂ, ਵਕਤ। ਕਿੰਨੇ ਸੁੰਦਰ ਅਰਥ ਹਨ। ਰਬਾਬ ਦੀ ਧੁੰਨ ਰਾਹੀਂ ਕੀਰਤਨ ਕਰਨ ਵਾਲੇ ਲਈ, ਰੱਬ ਦੇ ਦਰਬਾਰ ਦਾ ਦਰਵਾਜ਼ਾ ਹਮੇਸ਼ਾ ਲਈ ਖੁੱਲ੍ਹਾ ਰਹਿੰਦਾ ਹੈ ਅਤੇ ਐ ਮਨੁੱਖ ਤੂੰ ਕਿਸੇ ਦੀ ਬੈਹਬੂਦੀ ਲਈ, ਭਲੇ ਵਾਸਤੇ, ਕਿਸੇ ਲਈ ਕੀਰਤਨ ਕਰ ਕੇ ਸੁਣਾ ਤਾਕਿ ਸੁਨਣ ਵਾਲੇ ਲਈ ਵੀ, ਪ੍ਰਭੂ ਦਰਬਾਰ ਦੇ ਇਲਾਹੀ ਚੌਖਟ ਦੇ ਦਰਵਾਜ਼ੇ ਖੁਲ੍ਹ ਜਾਣ ਤੇ ਉਸ ਨੂੰ ਵੀ ਜੰਨਤ ਦੇ ਸ਼ਾਂਤਮਈ ਦਰਸ਼ਨ ਹਾਸਲ ਹੋ ਜਾਣ। ਸੋ ਇਸ ਸਾਜ਼ ਦੇ ਨਾਮ ਦੇ ਕਿੰਨੇ ਚੰਗੇ ਅਰਥ ਨਿਕਲਦੇ ਹਨ। ਇਹ ਵਜਾਉਣ ਵਾਲੇ ਤੇ ਸੁਨਣ ਵਾਲਿਆਂ ਲਈ ਇਕੋ ਜਿਹੀ ਸਾਂਝ ਪ੍ਰਗਟ ਕਰਦਾ ਹੈ। ਇਹੀ ਇੱਕ ਅਫਜ਼ਲ ਕਾਰਨ ਤੇ ਵਜਾ ਸੀ ਕਿ ਗੁਰੂ ਬਾਬੇ ਨਾਨਕ ਦੇਵ ਜੀ ਨੇ ਇਸ ਸਾਜ਼ ਨੂੰ ਆਪਣੀ ਚੋਣ ਬਣਾਇਆ। ਇਲਾਵਾ ਇਸ ਦੇ ਇੱਕ ਹੋਰ ਡੂੰਘੇ ਰਾਜ਼ ਦੀ ਗੱਲ ਸੀ, ਉਹ ਇਹ ਕਿ ਆਪ ਜੀ ਨੇ ਇੱਕ ਨੂਰ ਤੇ ਸਭ ਜੱਗ ਉਪਜਿਆ ਦਾ ਪ੍ਰਚਾਰ ਲੋਕਾਈ ਦੇ ਹਿਰਦਿਆਂ ਵਿੱਚ ਵਸਾਉਣਾ ਸੀ, ਤੇ ਉਸ ਸਮੇਂ ਦੇ ਧਰਮ ਇਸਲਾਮ ਵਿੱਚ ਸੰਗੀਤ ਦੀ ਪੂਰੀ ਇੱਜ਼ਤ ਨਹੀਂ ਸੀ। ਸੋ ਉਹਨਾਂ ਇਰਾਨ ਦਾ ਸਾਜ਼ ਇਸ ਲਈ ਲਿਆ ਤਾ ਕਿ ਇਲਮੀ, ਵਿਦਿਅਕ ਹੁਨਰ ਤੇ ਆਰਟਿਸਟਕ ਸਾਂਝ ਸਾਜ਼ ਕਰ ਕੇ ਪੈ ਜਾਵੇਗੀ, ਤਾਂ ਪ੍ਰਚਾਰ ਢੰਗ ਛੇਤੀ ਹੀ ਮੁਤਾਸਰ ਹੋ ਜਾਵੇਗਾ।

ਕਈ ਵਾਰੀ ਇਹ ਵੇਖਣ ਵਿੱਚ ਆਇਆ ਹੈ ਕਿ ਜੇ ਕੋਈ ਗ਼ੈਰ ਮਜ਼ਹਬ ਦਾ ਗੁਰੂ ਘਰ ਵਿੱਚ ਆ ਕੇ ਆਪਣੇ ਗੁਰੂ ਸਾਹਿਬਾਨ ਦੇ ਮੁਤੱਲਕ ਚੰਗੇਰੀ ਸੂਝ ਪੇਸ਼ ਕਰੇ, ਤਾਂ ਆਪ ਦੇ ਮਨ ਵਿੱਚ ਦੋ ਸੁਆਲ ਪੈਦਾ ਹੋ ਜਾਣਗੇ, ਇਕ ਤੇ ਇਹ ਕਿ ਗ਼ੈਰ ਮਜ਼ਹਬ ਦੇ ਹੋਣ ਕਾਰਨ ਸਾਡੇ ਧਰਮ ਦੀ ਗੱਲ ਕਰਦਾ ਹੈ, ਇਸ ਲਈ ਕਿ ਸਾਡੇ ਧਰਮ ਵਿੱਚੋਂ ਇਸ ਨੂੰ ਜ਼ਰੂਰ ਕੋਈ ਨਾ ਕੋਈ ਗਲ, ਆਪਣੇ ਧਰਮ ਫ਼ਲਸਫੇ ਨਾਲੋਂ ਚੰਗੀ ਲੱਗੀ ਹੋਵੇਗੀ। ਦੂਸਰੇ ਉਸ ਬੰਦੇ ਨੂੰ ਅਸੀਂ ਇਸ ਲਈ ਪਿਆਰ ਤੇ ਇੱਜ਼ਤ ਦੀ ਨਿਗ੍ਹਾ ਨਾਲ ਤੱਕਾਂਗੇ ਕਿ ਇਸ ਅੰਦਰ, ਸ਼ਰੀਕਤ, ਕੀਨਾ ਤੇ ਬੁਗਜ਼ ਨਹੀਂ ਤੇ ਅਜਿਹਾ ਵਰਤਾਉ ਹਰ ਧਰਮ ਵਾਲੇ ਇੱਕ ਦੂਸਰੇ ਨੂੰ ਅਕਸਰ ਪੇਸ਼ ਕਰਦੇ ਸੰਸਾਰ ਵਿੱਚ ਦੇਖੇ ਜਾਂਦੇ ਹਨ। ਸੋ ਕਿਸੇ ਮੁਲਕ ਦਾ ਸਾਜ਼ ਹੋਣਾ, ਉਸ ਦੇ ਅਛੇ ਵਜੰਤਰੀ ਹੋਣਾ ਤੇ ਉਪਰੰਤ ਖੁਦਾਵੰਦ ਤੁਆਲਾ ਦੀ ਹਮਦੋ-ਸਨਾਹ ਅੰਦਰ ਕੀਰਤਨ ਕਰਨਾ, ਇਹ ਸਭ ਕੁਝ, ਸੁਤੇ ਸਿਧ ਹੀ ਸਤਿਕਾਰ ਦਾ ਭਾਗੀ ਬਣਾ ਦਿੰਦਾ ਹੈ ਅਤੇ ਬਾਬੇ ਜੀ ਨਾਲ, ਅਰਬ ਦੇਸ਼ ਅੰਦਰ ਹੋਇਆ ਵੀ ਇੰਝ ਹੀ। ਰੱਜ ਕੇ ਅਦਬ ਤੇ ਸਤਿਕਾਰ ਹੋਇਆ, ਮਾਣ ਤੇ ਮਹਿਮਾਨ ਨਵਾਜੀ ਵੀ ਕਮਾਲ ਦੀ ਹਾਸਲ ਹੋਈ। ਰੱਬਾਬ ਦੇ ਫਿਆਜ਼ੁਲ ਫਿਆਜ਼, ਬਾਬੇ ਨਾਨਕ ਦੇਵ ਜੀ ਨੂੰ, ਪੀਰਾਨੇ ਪੀਰ, ਦਸਤਗੀਰ ਦਾ ਖ਼ਿਤਾਬ ਅਰਬ ਤੇ ਈਰਾਨ ਵਾਸੀਆਂ ਨੇ ਦਿੱਤਾ। ਆਪ ਦੀ ਇੱਜ਼ਤ ਦੇ ਸਨਮਾਨ ਵਿੱਚ ਈਰਾਨ ਦੇ ਮਹਾਂ ਕਵੀ ਨੇ ਸ਼ੇਅਰ ਲਿਖ ਕੇ ਪੇਸ਼ ਕੀਤਾ। ਬਾਬੇ ਜੀ ਦੇ ਰੱਬਾਬੀ ਨੂੰ ਰੱਬ ਜਿੱਡਾ ਮਾਣ ਪ੍ਰਾਪਤ ਹੋਇਆ। ਇਹ ਉੱਤਮ ਕਾਰਨ ਇਸ ਰਬਾਬ ਦੀ ਚੋਣ ਵਿੱਚ ਕੰਮ ਕਰ ਰਿਹਾ ਸੀ। ਸ਼ਾਇਰ ਦਾ ਫੁਰਮਾਨ ਬਾਬੇ ਜੀ ਦੇ ਬਾਰੇ ਇੰਝ ਕਰ ਕੇ ਹੈ:

ਬੁਅੱਦ ਨਾਨਕ ਆਰਫੇ ਮਰਦੇ ਖ਼ੁਦਾ।
ਰਾਜ਼ ਹਾਏ ਮਾਰਫ਼ਤ ਜ਼ਿਹ ਰਾਹ ਹੇ ਕੁਸ਼ਾ।
ਲੇਕਿਨ ਈਂ ਮਰਦੇ ਖੁਦਾ ਐਹਲੇ ਸਫ਼ਾ।
ਕਰਦ ਕੌਮ ਕਰਦ ਹਾਏ ਜ਼ਾਹਿਰ ਹਾਂ।

ਬਜ਼ੁਰਗ ਬਾਬਾ ਨਾਨਕ, ਖ਼ੁਦਾਵੰਦ ਤੁਆਲਾ ਦੇ ਭੇਦ ਦੇ ਰੂਹਾਨੀ ਸਾਰੇ ਰਾਜ਼ਾਂ ਨੂੰ ਇੰਝ ਜਾਣਦਾ ਹੈ, ਜਿਵੇਂ ਆਪ ਖੁਦਾ ਹੁੰਦਾ ਏ, ਤੇ ਅਜਿਹਾ ਸਿਫ਼ਤਾਂ ਨਾਲ ਭਰਪੂਰ ਅਜ ਤਕ ਕੋਈ ਮਰਦ ਵੇਖਣ ਵਿੱਚ ਨਹੀਂ ਆਇਆ ਤੇ ਇੰਝ ਭਾਸਦਾ ਏ ਅਤੇ ਯਕੀਨ ਹੈ ਕਿ ਇਹ ਬਾਬਾ ਨਾਨਕ, ਇਕ ਅਜਿਹੀ ਕੌਮ ਪੈਦਾ ਕਰੇਗਾ, ਜੋ ਸਹੀ ਮਾਅਨਿਆਂ ਵਿੱਚ ਪੂਰਨ ਮਰਦ ਹੋਣਗੇ ਤੇ ਇਨਸਾਨੀਅਤ ਉਹਨਾਂ ਦਾ ਧਰਮ ਹੋਵੇਗਾ। ਕਿੰਨਾ ਮਾਣ ਆਪ ਨੂੰ ਮਿਲਿਆ, ਬਿਆਨ ਤੋਂ ਬਾਹਰ ਹੈ। (ਸਾਰੰਦਾ ਤੇ ਸਮਾਧੀ)

# ਗੁਰਮਤਿ ਸੰਗੀਤ ਪੂਰਬ ਤੋਂ ਪੱਛਮ ਵੱਲ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਦੇ ਸਫਰ ਦੀ ਦਾਸਤਾਂ ਕੋਈ ਬਹੁਤੀ ਪੁਰਾਣੀ ਨਹੀਂ। ਗੁਰਦੁਆਰਾ ਪਰੰਪਰਾ ਦਾ ਅਨਿਖੜ ਅੰਗ ਹੋਣ ਕਰਕੇ ਇਸ ਦੀ ਸਿਖਲਾਈ ਵਿਧੀ ਵੀ ਸਿੱਖ ਟਕਸਾਲਾਂ, ਵਿਦਿਆਲਿਆਂ ਤੇ ਗੁਰੂ ਘਰਾਂ ਨਾਲ ਜੁੜੀ ਰਹੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ, ਪੰਜਾਬ ਸਕੂਲ ਸਿਖਿਆ ਬੋਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਕਈ ਸੰਸਥਾਵਾਂ ਦਾ ਇਸ ਖੇਤਰ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਇਕ ਇਤਿਹਾਸਕ ਪ੍ਰਾਪਤੀ ਸੀ।

ਸਿੱਖ ਪੰਥ ਦੀ ਖੂਬੀ ਹੈ ਕਿ ਵਿਸ਼ਵ ਵਿਚ ਸਿੱਖ ਭਾਈਚਾਰੇ ਨੇ ਜਿਥੇ ਵੀ ਪਰਵਾਸ ਕੀਤਾ ਉਥੇ ਹੀ ਆਪਣੇ ਸਿੱਖ ਸਭਿਆਚਾਰ ਦਾ ਬਾਖੂਬੀ ਪ੍ਰਚਾਰ ਪਸਾਰ ਕੀਤਾ। ਆਪਣੀ ਵਿਰਾਸਤੀ ਖਜ਼ਾਨੇ ਦੀ ਅਮੀਰੀ ਕੁਲ ਦੁਨੀਆ ਦੇ ਸਨਮੁਖ ਉਜਾਗਰ ਕਰਨਾ ਹਰ ਸਿੱਖ ਮਨ ਦੀ ਚਾਹ ਹੈ। ਇਹੀ ਭਾਵਨਾ ਰਖਣ ਵਾਲੇ ਯੂ.ਐਸ.ਏ. ਵਿਖੇ ਨਿਵਾਸ ਕਰ ਰਹੇ ਪ੍ਰੋ. ਹਾਕਮ ਸਿੰਘ ਉਘੇ ਵਿਗਿਆਨੀ, ਸਿੱਖ ਵਿਦਵਾਨ ਤੇ ਗੁਰਮਤਿ ਸੰਗੀਤ ਦੇ ਪ੍ਰਚਾਰਕ ਹਨ। ਹੋਰ ਪ੍ਰਸਿਧ ਕੀਰਤਨੀਏ ਮਹਾਪੁਰਖ ਸੰਤ ਸੁਜਾਨ ਸਿੰਘ ਆਪ ਦੇ ਪਰਿਵਾਰ ਦੀ ਪ੍ਰਮੁੱਖ ਹਸਤੀ ਅਤੇ ਸਾਰਾ ਪਰਿਵਾਰ ਹੀ ਸ਼ਬਦ ਤੇ ਕੀਰਤਨ ਦੇ ਰੰਗ ਵਿਚ ਰੰਗਿਆ ਹੋਇਆ ਹੈ। ਪ੍ਰੋ. ਹਾਕਮ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਉਤੇ ਹਾਰਦਿਕ ਪ੍ਰਸੰਨਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਗੁਰਮਤਿ ਸੰਗੀਤ ਨੂੰ ਪੱਛਮ ਦੀ ਦੁਨੀਆ ਤੱਕ ਪਹੁੰਚਾਇਆ ਜਾਵੇ।

ਇਸ ਲਈ ਸਹੀ ਦਿਸ਼ਾ ਤੇ ਸਹੀ ਪਰਿਪੇਖ ਅਕਾਦਮਿਕ ਤੌਰ ਤੇ ਹੀ ਸੰਭਵ ਸੀ। ਆਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਤਸ਼ਰੀਫ ਲਿਆਏ। ਲੰਮੀਆਂ ਵਿਚਾਰਾਂ ਉਪਰੰਤ ਆਪ ਨੇ ਐਸ.ਕੇ.ਕੇ. ਬਿੰਦਰਾ ਚੇਅਰ ਇਨ ਸਿੱਖ ਸਟਡੀਜ਼ ਦੇ ਪੈਟਰਨ ਵਜੋਂ ਹੌਫਸਟਰਾ ਯੂਨੀਵਰਸਿਟੀ ਵਿਖੇ ਆਪਣੀ ਸੁਪਤਨੀ ਸਰਦਾਰਨੀ ਹਰਬੰਸ ਕੌਰ ਦੀ ਸਿਮ੍ਰਤੀ ਵਿਚ ਗੁਰਮਤਿ ਸੰਗੀਤ ਦੀ ਚੇਅਰ ਸਥਾਪਤ ਕਰਵਾਉਣ ਦਾ ਮਨ ਬਣਾਇਆ। 2009 ਵਿਚ ਹੌਫਸਟਰਾ ਯੂਨੀਵਰਸਿਟੀ ਨੇ ਸੰਗੀਤ ਵਿਭਾਗ ਵਿਚ 'ਚੇਅਰ ਆਫ ਸਿੱਖ ਮਿਊਜ਼ੀਕਾਲੋਜੀ' ਸਥਾਪਤ ਹੋਈ। 2009 ਵਿਚ ਪ੍ਰਸਿਧ ਸੰਗੀਤਕਾਰ ਤੇ ਸੰਗੀਤ ਵਿਦਵਾਨ ਭਾਈ ਬਲਦੀਪ ਸਿੰਘ ਤੇ ਇਨ੍ਹਾਂ ਸਤਰਾਂ ਦੇ ਲੇਖਕ ਡਾ. ਗੁਰਨਾਮ ਸਿੰਘ ਨੂੰ ਇਸੇ ਯੂਨੀਵਰਸਿਟੀ ਨੇ ਐਸ.ਕੇ.ਕੇ. ਬਿੰਦਰਾ ਚੇਅਰ ਇਨ ਸਿੱਖ ਸਟਡੀਜ਼ ਵਲੋਂ ਡਾ. ਬਲਬਿੰਦਰ ਭੋਗਲ ਦੁਆਰਾ ਵਿਜ਼ਟਿੰਗ ਸਕਾਲਰ ਵਜੋਂ ਬੁਲਾਕੇ ''ਸੈਕਰਡ ਮਿਊਜ਼ਿਕ ਆਫ ਪੰਜਾਬ' ਕੋਰਸ ਕਰਵਾਇਆ। ਹੁਣ 2011 ਵਿਚ ਗੁਰਮਤਿ ਸੰਗੀਤ ਚੇਅਰ ਦੇ ਬਾਨੀ ਪ੍ਰੋਫੈਸਰ ਤੇ ਮੁਖੀ ਵਜੋਂ 'ਚੇਅਰ ਆਫ ਸਿੱਖ ਮਿਊਜ਼ੀਕਾਲੋਜੀ' ਵਿਚ ਵਿਜ਼ਟਿੰਗ ਸਕਾਲਰ ਵਜੋਂ ਰੈਜ਼ੀਡੈਂਸੀ

ਪ੍ਰਦਾਨ ਕੀਤੀ, ਜੋ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਹੌਫਸਟਰਾ ਯੂਨੀਵਰਸਿਟੀ ਵਿਚ ਇਸ ਰੈਜ਼ੀਡੈਂਸੀ ਦੌਰਾਨ ਦੋ ਪਬਲਿਕ ਲੈਕਚਰਜ਼, ਕਲਾਸ ਰੂਪ ਲੈਕਚਰਜ਼ ਤੋਂ ਬਿਨਾਂ ਸਿੱਖ ਮਿਊਜ਼ਿਕ ਕਨਸਰਟ ਦਾ ਆਯੋਜਨ ਕਰਵਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਆਸਾ ਰਾਗ ਨੂੰ ਸੰਗੀਤ ਵਿਭਾਗ ਦੇ ਵੈਸਟਰਨ ਆਰਕੈਸਟਰਾ ਦੇ ਸੰਗੀਤਕਾਰਾਂ ਨੇ ਬੜੇ ਚਾਅ ਤੇ ਲਗਨ ਨਾਲ ਵਜਾਇਆ।

ਸਿੱਖ ਮਿਊਜ਼ੀਕਾਲੋਜੀ ਦੀ ਇਸ ਚੇਅਰ ਦੇ ਮੁਖੀ ਡਾ. ਫਰਾਂਚੈਸਕਾ ਕੈਸਿਓ ਹੌਫਸਟਰਾ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਚ ਐਸੋਸੀਏਟ ਪ੍ਰੋਫੈਸਰ ਹਨ। ਆਪਣੇ ਕਾਰਜ ਪ੍ਰਤਿ ਪੂਰਨ ਨਿਸ਼ਠਾ, ਲਗਨ ਤੇ ਪ੍ਰਤਿਬੱਧਤਾ ਰਖਣ ਵਾਲੀ ਇਹ ਵਿਦਵਾਨ ਸੰਗੀਤਕਾਰ ਅਧਿਆਪਕ ਇਸ ਤੋਂ ਪਹਿਲਾਂ ਯੂਨੀਵਰਸਿਟੀ ਆਫ ਟਰੈਂਟੋ (ਇਟਲੀ) ਵਿਖੇ ਪ੍ਰੋਫੈਸਰਟ ਤੇ ਸ਼ਾਂਤੀ ਨਿਕੇਤਨ ਵਿਖੇ ਅਥਨੋ ਮਿਊਜ਼ਿਕ ਲਈ ਵਿਜ਼ਟਿੰਗ ਪ੍ਰੋਫੈਸਰ ਵੀ ਰਹੇ। ਪ੍ਰਸਿਧ ਉਸਤਾਦ ਧਰੁਪਦ ਗਾਇਕ ਪਦਮ ਭੂਸ਼ਣ ਉਸਤਾਦ ਰਹੀਮ ਫਹੀਮੁਦੀਨ ਡਾਗਰ, ਪਦਮ ਭੂਸ਼ਣ ਗਿਰਜਾ ਦੇਵੀ ਤੋਂ ਸ਼ਾਸਤਰੀ ਗਾਇਨ ਦੀ ਤਾਲੀਮ ਲੈਣ ਦੇ ਨਾਲ ਆਪ ਨੇ ਭਾਈ ਗੁਰਚਰਨ ਸਿੰਘ - ਭਾਈ ਬਲਦੀਪ ਸਿੰਘ ਤੇ ਭਾਈ ਰਣਧੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਤ ਤੋਂ ਗੁਰਮਤਿ ਸੰਗੀਤ ਦੀ ਤਾਲੀਮ ਵੀ ਪ੍ਰਾਪਤ ਕੀਤੀ ਹੈ ਜੋ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਫਰੈਂਚੈਸਕਾ ਕੈਸਿਓ ਦੀ 'ਧਰੁਪਦ' ਉਤੇ ਇਕ ਪੁਸਤਕ ਵੀ ਮਕਬੂਲ ਹੈ। ਭਵਿੱਖ ਵਿਚ ਹੌਫਸਟਰਾ ਯੂਨੀਵਰਸਿਟੀ ਵਿਖੇ ਉਚ ਅਕਾਦਮਿਕ ਪ੍ਰੋਗਰਾਮ ਦੀ ਸ਼ੁਰੂਆਤ ਦੀ ਭਰਪੂਰ ਆਸ ਹੈ।

ਗੁਰਮਤਿ ਸੰਗੀਤ ਹੁਣ ਪੂਰਬ ਤੇ ਪੱਛਮ ਦੀ ਦੁਨੀਆ ਵਿਚ ਰੁਸ਼ਨਾਉਣ ਲਗਾ ਹੈ। ਇਸ ਅਹਿਮ ਪ੍ਰਾਪਤੀ ਲਈ ਜਿਥੇ ਪ੍ਰੋ. ਹਾਕਮ ਸਿੰਘ ਤੇ ਲੇਖਕ (ਡਾ. ਗੁਰਨਾਮ ਸਿੰਘ) ਨੂੰ ਮਾਣ ਹੈ, ਉਥੇ ਪ੍ਰਸਿਧ ਵਿਦਵਾਨ ਸੰਗੀਤਕਾਰ ਭਾਈ ਬਲਦੀਪ ਸਿੰਘ ਤੇ ਸ. ਸੁਰਿੰਦਰ ਸਿੰਘ ਯੂ.ਕੇ. ਵਿਸ਼ੇਸ਼ ਸ਼ਲਾਘਾ ਦੇ ਪਾਤਰ ਹਨ ਜਿਨ੍ਹਾਂ ਨਿਰੰਤਰ ਪੱਛਮੀ ਦੁਨੀਆ ਵਿਚ ਸਿੱਖ ਸੰਗੀਤ ਦੇ ਪ੍ਰਚਾਰ ਪਸਾਰ ਵਿਚ ਹਿੱਸਾ ਪਾਇਆ। ਭਾਈ ਬਲਦੀਪ ਸਿੰਘ ਨੇ ਧਰੁਪਦ ਗਾਇਕੀ, ਜੋੜੀ ਵਾਦਨ ਤੇ ਤੰਤੀ ਸਾਜ਼ਾਂ ਦੁਆਰਾ ਆਪਣੇ ਵਿਸ਼ੇਸ਼ ਸ਼ਿਸ਼ ਮੰਡਲ ਤੇ ਗਿਆਨ ਦੇ ਖੇਤਰ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ। ਉਥੇ ਸ. ਸੁਰਿੰਦਰ ਸਿੰਘ ਯੂ.ਕੇ ਨੇ ਥੇਮਜ਼ ਵੈਲੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਦੀ ਸਿਖਲਾਈ ਤੋਂ ਇਲਾਵਾ ਪੱਛਮੀ ਦੇਸ਼ਾਂ ਵਿਚ ਰਾਜ ਅਕਾਦਮੀ ਦੁਆਰਾ ਗੁਰਮਤਿ ਸੰਗੀਤ ਦੇ ਅਧਿਆਪਕ ਤੇ ਵਿਦਿਆਰਥੀ ਤਿਆਰ ਕੀਤੇ ਹਨ। ਤੰਤੀ ਸਾਜ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਪਰੰਪਰਾ ਨੂੰ ਪ੍ਰਚਾਰਨ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਹੈ। ਹੋਰ ਵੀ ਉਹ ਸਾਰੀਆਂ ਸ਼ਖਸੀਅਤਾਂ ਸਾਡੇ ਧੰਨਵਾਦ, ਸਤਿਕਾਰ ਤੇ ਸ਼ਲਾਘਾ ਦੀਆਂ ਪਾਤਰ ਹਨ ਜਿਨ੍ਹਾਂ ਨੇ ਗੁਰਮਤਿ ਸੰਗੀਤ ਨੂੰ ਸਿੱਖ ਸੰਗੀਤ ਪਰੰਪਰਾ ਵਜੋਂ ਸਥਾਪਤ ਕਰਨ ਵਿਚ ਸਾਨੂੰ ਸਹਿਯੋਗ ਤੇ ਸਰਪਰਸਤੀ ਦਿਤੀ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ**

## संगीत में शोध की गुरुकुल परम्परा : एक अध्ययन

कोमल रानी
सहायक प्रोफेसर (परफॉर्मिंग आर्ट म्यूजिक)
नेशनल कॉलेज ऑफ ऐजूकेशन, सिरसा

**सारांश**

प्रस्तुत शोधपत्र विश्लेषणात्मक अध्ययन के आधार पर ऐतिहासिक परिप्रेक्ष्य में लिखा गया है जोकि भारतीय शास्त्रीय संगीत के आधारभूत सिद्धांतों की खोज और उनकी स्थापना करने वाली गुरुकुल परम्परा को रेखांकित करता है जैसा कि ज्ञातव्य है कि क्रमबद्ध रूप से सत्य के खोज की प्रक्रिया शोध है। किसी विषय का विकास उसमें किये गये शोध या अनुसंधान के माध्यम से होता है सफलतापूर्वक किया गया शोध विषय के संचित ज्ञान में वृद्धि करता है तथा उसे आधुनिक बनाता है भारतीय संगीत के मौलिक सिद्धांतों की स्थापना करने का श्रेय भारतीय ऋषि मुनियों को जाता है जो संगीत साधक होने के साथ–साथ संगीत के शोधार्थी भी थे। इन ऋषियों को एक दीर्घ परम्परा प्राप्त होती है जिसको संगीत के शोध परिप्रेक्ष्य मे देखा जाना उचित रहेगा प्रस्तुत शोध पत्र इसी ऋषि मुनि परम्परा को एक व्यवस्थित रूप से रेखांकित करने का प्रयास है।

**संकेत शब्द**

आधारभूत, पृष्ठभूमि, मौलिक सिद्धांत, अनुसंधान।

संगीत के इतिहास और उसकी विकास यात्रा पर एक नजर डालें तो ज्ञात होता है कि भारतीय संगीत जिसका उद्‌गम मंदिरों की पृष्ठभूमि में हुआ था, वह क्रमशः समय के परिवर्तन के साथ मंदिरों से निकलकर राज दरबारों तक राज दरबारों से कोठों तक, कोठों से शिक्षण संस्थानों तक और आज शिक्षण संस्थानों के साथ–साथ इन्टरनेट तक पहुंच चुका है। इस दीर्घ यात्रा में संगीत ने क्या पाया, क्या खोया वह किस–किस दौर से गुजरा आज यह गहन अध्ययन और शोध का विषय है। समय बदला, समाज बदला संगीत, संगीतकार और संगीत की समाजिक प्रतिष्ठा। संगीत में बदलाव की इस बयार में कुछ स्वतः घटित होता गया। कुछ हमें ज्ञात है, कुछ अल्प ज्ञात है और कुछ अज्ञात है। अल्प ज्ञात और अज्ञात को वैज्ञानिक

विधि से ज्ञात के दायरे में लाना तथा ज्ञात (घटना तथा तथ्य) की कोई नई व्याख्या प्रस्तुत करना शोध के अंतर्गत आता है। भारतीय संस्कृति को समृद्ध एवं सुदृढ़ बनाने में दो परम्पराओं का महत्त्वपूर्ण योगदान रहा है – एक ऋषि परम्परा और दूसरी कृषि परम्परा। बाकी सारी परम्पराएं इन्हीं दो परम्पराओं के इर्द–गिर्द विकसित होती गईं। भारतीय संगीत के आधारभूत सिद्धांत ऋषि परम्परा में ही गहन शोध के पश्चात खोजे गए और स्थापित किये गये। ऋषि परम्परा में संगीत में जो शोध हुए वह मात्र भौतिक आवश्यकता की पूर्ति के लिए या उपयोगिता की दृष्टि से नहीं हुए थे बल्कि ये शोध मूलतः मनुष्य की चेतना को जागृत कर इसमें अन्तर्निहित शक्तियों के विकास करने के उद्देश्य से हुए थे। ये ऋषि गजब के जिज्ञासू और साहसी थे, तब न सत था न असत कह कर वे ईश्वर, देवता, परमात्मा सबको खारिज करते हुए सत्य दर्शन की यात्रा पर निकले थे। ये ऋषि नाद साधक थे, नाद शोधार्थी थे, जिन्होंने संगीत के सार्वभौमिक स्वरूप का अनुभव किया तथा 'नादाधीनं जगत' जैसे सूत्र दिए। इन ऋषियों ने आहत नाद से अनाहत नाद में प्रवेश के मार्ग ढूंढे, जिनसे होकर समाधि की अवस्था तक पहुंचना संभव हो पाया। इन ऋषियों ने संगीत के मौलिक सिद्धांतों की स्थापना करते हुए उनकी दार्शनिक शैली में व्याख्या की। इसके अनेक प्रमाण हमारे प्राचीन ग्रंथों में मिलते हैं। इसके अतिरिक्त तंत्र साहित्य, वैदिक वाङमय आदि में आत्म साक्षात्कार के लिए ऋषियों ने संगीत को एक उत्तम साधन माना है। विज्ञान भैरव तंत्र जो शिव और पार्वती के संवाद पर आधारित है, उसमें आत्म रूपांतरण की 112 विधियों का वर्णन है। उसमें 37वीं से लेकर 47वीं तक की विधियों में नाद के माध्यम से आत्म रूपातंरण की प्रक्रिया को समझाया गया है। इसी संदर्भ में डॉ. महारानी शर्मा भी संगीत पत्रिका के शोध अंक में प्रकाशित एक लेख में कहती हैं कि – "जहाँ तक भारतीय संगीत में शोध का प्रश्न है, तो अध्ययन से प्रतीत होता है कि संगीत ही नहीं अपितु भारतीय साहित्य और संस्कृति के पीछे वर्षों के मनन, चिंतन अनुभव और निरन्तर अन्वेषण की प्रवृत्ति रही है। इस दृष्टि से भारतीय संगीत में शोध की परंपरा उस काल से रही है, जब संगीत के कर्ता, अविष्कर्ता और निर्माता गन्धर्व, किन्नर, ऋषि और मुनि हुआ करते थे। जिन्होंने अपने जीवनकाल में इस कला के तथ्य विशेषों को अनुभूत करके उसके सार्वभौमिक सिद्धातों की रचना की। जिसकी मान्यता आज भी न केवल व्यावहारिक तौर पर, अपितु वैज्ञानिक दृष्टि से भी स्वीकृत की जाती है।"

"ऋग्वेद के मंत्र को गेय बनाने के लिऐ इसके बोलों में कुछ विकार (परिवर्तन) कर लिया जाता था। जिस ऋषि ने उसे गेय बनाने के लिए रूपान्तरित किया होता था उसका नाम उस मंत्र के साथ लगा दिया जाता था। इस सम्बन्ध में गौतम ऋषि, कश्यप ऋषि आदि के नाम मिलते हैं।" ऋग्वेदप्रतिशाख्य अथवा संक्षेपतः ऋकप्रतिशाख्य ऋग्वेद का ही प्रतिशाख्य है। इसमें भी अधिकतर उच्चार, छंद और व्याकरण सम्बन्धी नियम हैं। किन्तु कुछ संगीत सम्बन्धी सूत्र भी है, जो महत्त्वपूर्ण हैं। ऋग्प्रतिशाख्य के रचियता "शौनक ऋषि" माने जाते हैं।

वैदिक संगीत जिसे साम संगीत कहा जाता था, भरत काल में गंधर्व नाम से प्रचलित हुआ, क्योंकि इसका गान करने वाले गंधर्व, ऋषि और मुनि थे। संगीत विद्या का पृथ्वी पर विस्तार करने वालों में गंधर्व, नारद और स्वाति का नाम मिलता है। तुम्बरू संगीत के एक गणमान्य ऋषि थे। ऐसा माना जाता है कि इन्होंने 'तम्बूरे' स्वर वाद्य का आविष्कार किया। शनैः शनैः यही तम्बूरा तानपुरे के नाम से प्रसिद्ध हुआ। इसके अतिरिक्त कोहल, कश्यप, विशाखिल, दतिल आदि संगीताचार्यों के नाम का उल्लेख मिलता है, जिन्होंने संगीत शास्त्र के गठन में महत्वपूर्ण भूमिका निभाई। संगीत पारिजात ग्रंथ में स्वरों के ऋषि, देवता, छंद, रंग आदि का वर्णन दार्शनिक शैली में किया गया है। इसके अनुसार षड्ज से निषाद तक सात स्वरों के दृष्टा ऋषि क्रमशः अग्नि, ब्रह्म, चंद्रमा, विष्णु, नारद, तुम्बरू और कुबेर हैं।

शारंगदेव ने सदाशिव, पार्वती, ब्रह्मा, भरतमुनि, कश्यप, मतंग, याष्टिक, दुर्गा शक्ति, शार्दुल, कोहल, विशाखिल, दतिल, कम्बल, अश्वतार, वायु, विश्वासु, रम्भा, अर्जुन, नारद, तुम्बरू, आंजनेय, मातृगुप्त, रावण, नंदिकेश्वर, स्वातिगण, बिन्दुराज, क्षेत्रराज, राहल, रुद्रट, नान्यभूपाल, भोज, भूवल्लभ, परमरदी, सोमेश, जगदेक और महीपति तथा भरत के व्याख्याकार लोल्लट, उदभट्ट, शंकुक, अभिनवगुप्त और कीर्तिधर आदि संगीत विशारदों के मतरूपी पयोनिधि को अगाध बोधरूपी मन्थन से मथकर "संगीत रत्नाकर" नामक सारभूत ग्रन्थ का निर्माण किया था, जिसे आज भारतीय संगीत का आधार माना जाता है।

संक्षेप में कह सकते हैं कि प्राचीन काल में संगीत में जो शोध हुए वो मूलतः मौलिक शोध की श्रेणी में आते हैं। मौलिक शोध का अर्थ है – ज्ञान के लिये ज्ञान। जब कोई शोध

हृदय नारायण दीक्षित अपनी पुस्तक "भारतीय संस्कृति की भूमिका" में लिखते हैं – "गीत, संगीत और नृत्य ऋग्वेद से भी प्राचीन प्रतीत होते हैं। ऋग्वेद में गीत, संगीत और नृत्य के तमाम उदाहरण हैं। ऋग्वेद के ऋषि संगीत के सात स्वरों से परिचित थे। 10 वें मण्डल के सूक्त 32 में वाण (वाद्यंत्र) की सात धातुओं 'वाणस्त्र सप्तधातु' शब्द का प्रयोग किया गया है। ऋषि एक स्थान पर कहते हैं, "वाणी को वाणी से नापा जाता है; दो पद और चार पदों वाले अक्षरों से 'सप्तवाणी विमते' सात तरह से नापा जाता है।" डॉ. रामविलास शर्मा ने लिखा है – छंद तो बहुत से थे, स्वर सात ही थे। वाणी के साथ बार–बार यदि सप्त विशेषण का प्रयोग हो तो समझना चाहिए, यहाँ स्वरों की चर्चा की गई है। एक गर्भ दधिरे सप्त वाणी, सात वाणियां एक गर्भ धारण करती हैं। यह गर्भ है अग्नि। सात स्वरों में अग्नि व्याप्त है इसलिए ऋषियों ने उसे सात वाणियों का गर्भ कहा। इन्द्र वरूण के लिये कहते हैं, तुम्हारे लिए 'सप्तवाणी' सात छंदो वाली स्तुतियाँ सोमरस की धार से दुहती हैं। डॉ. शर्मा कहते हैं – यह सप्त वाणी सात स्वर हो सकते हैं – सप्त ऋषीणं वाणी अभि नूषत, सप्त ऋषियों की वाणी सोमरस की स्तुति करती है। यह सप्त ऋषि सप्तक के सात स्वर ही है।"

ऋग्वेद में देवताओं का स्तुतिगान है। गायन और वादन के उपकरणों को देवता मानकर ऋषिगण प्रार्थना करते हैं। यहाँ वाणी के साथ वादययंत्रों की भी स्तुति है। दुंदुभि एक वादय यंत्र है। युद्ध के समय इसका उपयोग होता था। ऋषि दुंदुभि से कहते हैं – "हे दुंदुभि! टपनी ध्वनि से भूलोक दयूलोक को गुंजायमान करें। जगमस्थावर जगत तक आपकी अनुभूति हो, आप हमारे शत्रुओं को दूर भगाएं।" यहाँ वादय यंत्र निर्जीव नहीं हैं, ऋषि इसी दुंदुभि से फिर प्रार्थना करते हैं – "हे दुंदुभि! आप हमें तेज प्रदान करके हमारे पाप नष्ट करें, आपकी आवाज से शत्रु सैनिक रोएं और हमारे निकट के शत्रुओं का विनाश करें। ऋग्वेद के ऋषि कवि थे। ऋचाएं काव्य थी, गीत थी, गाथा भी थीं। मंत्र द्रष्टा ऋषि ऋचाएं गाता था। ऋग्वेद ऋषि गीत, छंद, सरगम, आलाप से परिचित थे। लगता है कुछ मंत्र उच्चस्वर में गाये जाते थे। ऋषि कहते हैं – वसिष्ठा यत शक्वरीषु बृहता रवेण – शक्वरी ऋचाओं में बड़े आलापों के स्वर में, सामगान से इंद्र में बल धारण करो।

उपयोगिता की दृष्टि से नहीं बल्कि सिर्फ ज्ञान की प्राप्ति के लिए किया जाता है, उसे मौलिक शोध कहते हैं। मौलिक शोध का लक्ष्य किसी समस्या का समाधान करना या किसी आवश्यकता की पूर्ति करना नहीं होता बल्कि ज्ञान की प्राप्ति, मौजूदा ज्ञान भण्डार में वृद्धि तथा पुराने ज्ञान की शुद्धिकरण करना होता है। किसी विषय में हुए मौलिक शोध उस विषय की प्रगति एवं विकास का आधार बनते हैं। नादाधीन जगत्' व 'श्रुतिर माता लयः पिता' जैसे मूल सिद्धांत संगीत की आधारशिला माने जा सकते हैं। इसके अतिरिक्त 22 श्रुतियों का निर्धारण, राग एवं ताल की संकल्पना, श्रुति – स्वर सम्बन्ध, ताल के दश प्राण, सप्त स्वरों का शरीर के सप्त चक्रों के साथ अंर्तसंबंध आदि सिद्धांतों को स्थापित करने का श्रेय उस ऋषि परम्परा को जाता है, जिसने संगीत में शोध के नवीन आयाम सृजित किये एवं संगीत के सार्वभौम सिद्धांतों की स्थापना की। गौरतलब है कि संगीत के उपरोक्त सिद्धांत समयातीत एवं सार्वभौम है, जिन्होंने कालांतर में हुए शोधों के लिये पृष्ठभूमि तैयार की और आगे भविष्य में भी नवीन अनुसंधानों के लिए आधार प्रदान करते रहेंगे।

## सहायक पुस्तक सूची


1. "ज्ञानायनी" पत्रिका, वर्ष–2 संयुक्तांक, 2004, राष्ट्रीय संस्कृत संस्थान, लखनऊ।
2. "आधुनिक संगीत में शोध" – महारानी शर्मा, संगीत शोध अंक, (जनवरी–फरवरी संयुक्तांक), 1990
3. "भारतीय संस्कृति की भूमिका" – हृदय नारायण दीक्षित, विश्वविद्यालय प्रकाशन वाराणसी।
4. "भारतीय संगीत का इतिहास" – ठाकुर जयदेव सिंह, तृतीय संस्करण 2016
5. महारानी शर्मा – "भारतीय संगीत शास्त्र में भरत का योगदान", कनिष्क प्रकाशन नई दिल्ली।
6. देवेन्द्रनाथ शुक्ल – राग जिज्ञासा"।
7. संगीत शोध अंक, (जनवरी–फरवरी संयुक्तांक), 1990

# AN UNFORGETTABLE ASSOCIATION

**Harinder Durga**

The other day I read an article in the magazine called, 'Amrit Kirtan'. The same was written by Dr. Jagir Singh, giving a detailed account of Sector 15, Chandigarh. He wrote about his experiences and mentioned with reverence about many great literary personalities who resided in this coveted sector. Memories came rushing to my mind as I read about one such divine personality, Dr. Mohan Singh Diwana. I went down the memory lane……

It so happened that, long time ago, I was attending a lecture at the Gandhi Samarak Bhawan, sector 16, Chandigarh. I was sitting in the second row, just behind a saintly man and his companion. I felt his aura and experienced his fatherly presence strongly. As the program ended and he started to walk out, majestic in his white kurta and pajama with his flowing white beard, I felt drawn towards him and could not stop myself from following him. As we neared the gate, he turned around and said, ''Who is there?'' I quickly stepped forward and said, ''You do not know me, ji! But, I have just followed you.'' He asked me to sit in his car but, since I had my own car there I opted to follow his car to his house in Sector 15. His companion stayed for some time to take guidance for the book that he was authoring. I got to know that many writers sought similar favours from the grand old man, Dr Mohan Singh Diwana. I waited in awe.

Finally when free, Dr. Diwana wanted to know as to what made me follow him. I told him that he reminded me immensely of our mentor and distantly related Bhai Sahib Bhai Veer Singh. I asked him if I could address him as 'Pita ji' as we used to call Bhai Sahib. He complied, graciously. Time flew as we talked. I felt blessed to be in his company. It was well past 8.30 pm and I asked him if I could lay out his dinner. To my surprise he told me that there was probably nothing in the kitchen to eat. Without a complaint in his voice he said, 'I wait for God's kindness for food…. He may come in any form to give me food.' With a lump in my throat, I drove quickly to the nearby market and bought eggs, bread, butter and some other eatables. I made an omelet and toasts on a rickety stove and fed Pita Ji. Thereon, I made regular visits

to his house, carrying food in a tiffin as I tried my best to look after him.

I had the good fortune of having Pita Ji visit our house in sector 7 a few times. My family and friends from the neighbourhood felt honoured to sit with him and listen to his words of wisdom. My reverence and fondness for him grew with each meeting. I could talk about all my problems and thoughts. He always gave me solace and sound advice. I also took upon myself the duty of penning down letters to his daughter while he dictated and then posted these to his daughter who lived in England. This task gave me immense happiness and satisfaction. In one letter he explained the mystery of death and what happens thereafter. He believed that death is like crossing an ocean, reaching the other side and dropping the bundle of your karmas into the water. Thereon, you are a pure and free soul, part of God, with no scores to settle. I have witnessed him going into a trance sometimes and talk about his visits to the Golden Temple in Amritsar, where he would sweep and gather the dust of the parikarma called the Charan Dhur. A simple, yet great man, indeed!

I had taken my friend, a dean at a University, to meet Dr. Diwana. They started to discuss literature and I felt ignored. My friend was given some books by him which she eagerly took. On a later date I complained, 'You never give me books. But you gave to my friend.' He smiled and said indulgently, 'She needs them more than you do to gather knowledge. You are knowledgeable and do not need books.' I smiled and felt appeased.

I clutch on to the fond and precious memories of Pita Ji, the legendary scholar, Dr. Mohan Singh Diwana.

**Harinder Durga**
M- 9814099355

## ਜ਼ਰੂਰੀ ਸੂਚਨਾ

ਸਰਕਾਰ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਮਾਇਆ ਭੇਜਣ ਵਾਲੇ ਸੱਜਣਾਂ ਨੂੰ 80ਜੀ ਐਕਟ ਅਧੀਨ ਇਨਕਮ ਟੈਕਸ ਤੋਂ ਛੋਟ ਲੈਣ ਲਈ ਆਪਣਾ ਅਧਾਰ ਨੰਬਰ ਅਤੇ ਪੈਨ ਨੰਬਰ ਲਿਖਣਾ ਜ਼ਰੂਰੀ ਹੈ। ਸਾਲ 2021-2022 ਵਿੱਚ ਜਿਹਨਾਂ ਨੇ ਵੀ ਮਾਇਆ ਭੇਜੀ ਹੈ ਉਹ ਅੰਮ੍ਰਿਤ ਕੀਰਤਨ ਟ੍ਰਸਟ ਦਾ ਰਸੀਦ ਨੰਬਰ,ਆਪਣਾ ਆਧਾਰ ਨੰਬਰ ਅਤੇ ਪੈਨ ਨੰਬਰ ਤੁਰੰਤ ਭੇਜਣ ਦੀ ਕਿਰਪਾ ਕਰਨ ਜੀ। ---**ਜਾਗੀਰ ਸਿੰਘ ਮੋਬਾਇਲ ਨੰ: 9855640630**

# ਤਿੰਨ ਤਾਲ: ਕਾਇਦਾ ਸੀਰੀਜ

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਸਿੱਖਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 10** ਦੇ ਰਿਹਾ ਹਾਂ। ਜਿਸ ਦਾ ਇਜ਼ਾਫ਼ਾ 10 ਬੰਧਾਂ ਜ਼ਰੀਏ ਕੀਤਾ ਗਿਆ ਹੈ। ਇਹ **ਧਿਰਧਿਰ** ਦਾ ਕਾਇਦਾ ਹੈ। ਇਸ ਕਾਇਦੇ ਦਾ ਲਗਾਤਾਰ ਰਿਆਜ਼ ਕਰਨ ਨਾਲ ਧਿਰਧਿਰਕਿਟਤਕ ਦੀ ਤਿਆਰੀ ਹੋ ਜਾਂਦੀ ਹੈ। ਕਰੜੇ ਰਿਆਜ਼ ਤੋਂ ਬਾਅਦ ਹੀ ਇਹ ਕਾਇਦਾ ਸਿੱਧ ਹੁੰਦਾ ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਕਾਇਦਾ # 10**

ਧਾਤਿਰ ਕਿਟਤਕ ਧਿਰਧਿਰ ਕਿਟਤਕ, ਤਿਗਦੂ ਤਿਰਕਿਟ ਤਿਨਾ ਕਿੜਤਕ ।
ਤਾਤਿਰ ਕਿਟਤਕ ਤਿਰਤਿਰ ਕਿਟਤਕ, ਤਿਗਦੂ ਤਿਰਕਿਟ ਧਿਨਾ ਘਿੜਤਗ ॥

**ਦੋਹਰਾ**

ਧਾਤਿਰਕਿਟਤਕ ਧਿਰਧਿਰਕਿਟਤਕ ਧਾਤਿਰਕਿਟਤਕ ਧਿਰਧਿਰਕਿਟਤਕ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਿਰਤਿਰਕਿਟਤਕ ਤਾਤਿਰਕਿਟਤਕ ਤਿਰਤਿਰਕਿਟਤਕ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 1**

ਧਿਰਧਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ ਧਿਰਧਿਰਕਿਟਤਕ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਿਰਤਿਰਕਿਟਤਕ ਤਿਗਦੂਤਿਰਕਿਟ ਤਾਤਿਰਕਿਟਤਕ ਤਿਰਤਿਰਕਿਟਤਕ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਧਿਤਿਰਕਿਟ ਧਿਨਾਘਿੜਤਗ ॥

**ਬੰਧ # 2**

ਧਿਰਧਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ ਤਿਗਦੂਤਿਰਕਿਟ
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਿਰਤਿਰਕਿਟਤਕ ਤਿਗਦੂਤਿਰਕਿਟ ਤਾਤਿਰਕਿਟਤਕ ਤਿਗਦੂਤਿਰਕਿਟ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 3**

ਧਾਤਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ ਤਿਗਦੂਤਿਰਕਿਟ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਿਗਦੂਤਿਰਕਿਟ ਤਾਤਿਰਕਿਟਤਕ ਤਿਗਦੂਤਿਰਕਿਟ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 4**

ਤਿਗਦੂਤਿਰਕਿਟ ਧਾਤਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ,
ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਿਗਦੂਤਿਰਕਿਟ ਤਾਤਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ,
ਧਿਰਧਿਰਕਿਟਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 5**

ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਾਤਿਰਕਿਟਤਕ,
ਤਕਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।

ਤਿਰਤਿਰਕਿਟਤਕ ਤਿਰਤਿਰਕਿਟਤਕ ਤਿਗਦੂਤਿਰਕਿਟ ਤਾਤਿਰਕਿਟਤਕ,
ਤਕਤਿਰਕਿਟਤਕ ਧਿਰਧਿਰਕਿਟਤਕ, ਤਿਗਦੂਤਿਰਕਿਟ ਧਿਨਾਘਿੜਤਗ॥

**ਬੰਧ#6**

ਧਿਰਧਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਿਰਤਿਰਕਿਟਤਕ ਤਿਰਤਿਰਕਿਟਤਕ ਤਿਰਤਿਰਕਿਟਤਕ ਤਿਗਦੂਤਿਰਕਿਟ,
ਧਾਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 7**

ਧਾਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਤ੍ ਧਿਰਧਿਰਕਤ੍,
ਤਕਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਿਰਤਿਰਕਿਟਤਕ ਤਿਰਤਿਰਕਤ੍ ਤਿਰਤਿਰਕਤ੍,
ਤਕਤਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 8**

ਧਾਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ ਧਾਤਿਰਕਿਟਤਕ,
ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਿਰਤਿਰਕਿਟਤਕ ਤਿਰਤਿਰਕਿਟਤਕ ਤਾਤਿਰਕਿਟਤਕ,
ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 9**

ਧਾਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਤ੍ ਧਿਰਧਿਰਕਿਟਤਕ,
ਧਿਰਧਿਰਕਤ੍ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਿਰਤਿਰਕਿਟਤਕ ਤਿਰਤਿਰਕਤ੍ ਤਿਰਤਿਰਟਿਤਕ,
ਧਿਰਧਿਰਕਤ੍ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਬੰਧ # 10**

ਧਾਤਿਰਕਿਟਤਕ ਤਕਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ,
ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਤਿਨਾਕਿੜਤਕ ।
ਤਾਤਿਰਕਿਟਤਕ ਤਕਤਿਰਕਿਟਤਕ ਤਿਰਤਿਰਕਿਟਕਤਕ ਤਿਰਤਿਰਕਿਟਤਕ
ਧਿਰਧਿਰਕਿਟਤਕ ਧਿਰਧਿਰਕਿਟਤਕ ਤਿਗਦੂਤਿਰਕਿਟ ਧਿਨਾਘਿੜਤਗ ॥

**ਕਾਇਦੇ ਦਾ ਮੁਕਾਮ (ਚਕਰਦਾਰ)**

ਤਕਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ, ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ੍, ਧਿਰਧਿਰਕਿਟਤਕ ਤਕ੍ਕੜਾ-ਨ ਧਾ---, ਤਕਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ੍ ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ, ਧਿਰਧਿਰਕਿਟਤਕ ਤਕ੍ਕੜਾ-ਨ ਧਾ---, ਤਕਤਿਰਕਿਟਤਕ ਧਿਰਧਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ, ਧਿਰਧਿਰਕਿਟਤਕ ਤਕ੍ਕੜਾ-ਨ ਧਾ-ਕਤ੍, ਧਿਰਧਿਰਕਿਟਤਕ ਤਕ੍ਕੜਾ-ਨ । ਧਾ---,

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ-ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal@gmail.com

RNI Regd.No. 46788/89 ISSN 0972-2335